HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 2.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8



## ਤ੍ਰਿਪੁਰਾ ਪੁਲਸ ਨੇ 11 ਬੰਗਲਾਦੇਸ਼ੀ ਨਾਗਰਿਕਾਂ ਨੂੰ ਕੀਤਾ ਗ੍ਰਿਫ਼ਤਾਰ

ਗੁਪਤ ਸੂਚਨਾ ਦੇ ਆਧਾਰ 'ਤੇ ਇਕ ਮਹੱਤਵਪੂਰਨ ਕਾਰਵਾਈ 'ਚ ਅਧਿਕਾਰੀਆਂ ਨੇ 30 ਜੂਨ, 2024 ਨੂੰ ਅਗਰਤਲਾ ਰੇਲਵੇ ਸਟੇਸ਼ਨ 'ਤੇ 6 ਔਰਤਾਂ ਸਮੇਤ 11 ਬੰਗਲਾਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ। ਅਗਰਤਲਾ ਦੇ ਜੀ. ਆਰ. ਪੀ. ਦੇ ਓ. ਸੀ. ਤਪਸ ਦਾਸ ਨੇ ਕਿਹਾ ਕਿ ਉਹ ਬੰਗਲਾਦੇਸ਼ ਤੋਂ ਭਾਰਤ ਵਿਚ ਅਣਅਧਿਕਾਰਤ ਦਾਖ਼ਲੇ ਦੀ ਕੋਸ਼ਿਸ਼ ਕਰ ਰਹੇ ਸਨ। ਰੇਲ ਤੋਂ ਬੈਂਗਲੁਰੂ ਅਤੇ ਕਸ਼ਮੀਰ ਜਾਣ ਦਾ ਇਰਾਦਾ ਰੱਖਦੇ ਸਨ। ਅਗਰਤਲਾ ਦੇ ਜੀ. ਆਰ. ਪੀ ਪੁਲਸ ਸਟੇਸ਼ਨ ਵਿਚ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਬੁੱਧਵਾਰ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

ਫੜੇ ਗਏ ਵਿਅਕਤੀਆਂ ਦੀ ਪਛਾਣ ਇਸ ਤਰ੍ਹਾਂ ਕੀਤੀ ਗਈ ਹੈ: - ਅਲਾਮੀਨ (19) ਰੰਗਾਮਾਟੀ, ਬੰਗਲਾਦੇਸ਼ ਤੋਂ- ਰਾਜੀਬ ਘਰਾਮੀ (24) ਫ਼ਿਰੋਜ਼ਪੁਰ, ਬੰਗਲਾਦੇਸ਼ ਤੋਂ- ਮੂਸਾ (30) ਚਟਗਾਂਵ, ਬੰਗਲਾਦੇਸ਼ ਤੋਂ- ਐਮ. ਡੀ ਯੁਨੂਸ (40) ਬਰਗੋਨਾ, ਬੰਗਲਾਦੇਸ਼- ਸਲਮਾ ਬੇਗਮ (30) ਬਾਗੇਰਹਾਟ, ਬੰਗਲਾਦੇਸ਼ ਤੋਂ ਦੋ ਬੱਚਿਆਂ ਨਾਲ- ਮੁਕਤਾ ਅਖਤਰ (19) ਖੁਲਨਾ, ਬੰਗਲਾਦੇਸ਼ ਤੋਂ ਦੋ ਬੱਚਿਆਂ ਨਾਲ- ਲਾਮੀਆ ਅਖ਼ਤਰ (19) ਬਗੇਰਹਾਟ, ਬੰਗਲਾਦੇਸ਼ ਤੋਂ- ਸਹਿਨਾਜ਼ ਅਖਤਰ (24) ਛੱਤਗ੍ਰਾਮ, ਬੰਗਲਾਦੇਸ਼, ਇਕ ਬੱਚੇ ਨਾਲ- ਲੱਖੀ ਰੰਗਾਮਾਟੀ, ਬੰਗਲਾਦੇਸ਼ ਤੋਂ ਅਖਤਰ (19)- ਫ਼ਿਰੋਜ਼ਪੁਰ, ਬੰਗਲਾਦੇਸ਼ ਤੋਂ ਮਨੀਰਾ ਅਖ਼ਤਰ ਨੀਪਾ (24), ਇਕ ਬੱਚੇ ਨਾਲ- ਬਾਗੇਰਹਾਟ, ਬੰਗਲਾਦੇਸ਼ ਤੋਂ ਰੋਨੀ ਸ਼ਿਕਦਾਰ (22) ਇਹ ਘਟਨਾ ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਸਰਹੱਦੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਵਿਚ ਚੱਲ ਰਹੀਆਂ ਚੁਣੌਤੀਆਂ ਨੂੰ ਦਰਸਾਉਂਦੀ ਹੈ।

29 ਜੂਨ ਨੂੰ ਅਧਿਕਾਰੀਆਂ ਨੇ ਇਕ ਕਾਰਵਾਈ ਤੋਂ ਬਾਅਦ ਅਗਰਤਲਾ ਰੇਲਵੇ ਸਟੇਸ਼ਨ 'ਤੇ ਗਿਆਰਾਂ ਬੰਗਲਾਦੇਸ਼ੀ ਨਾਗਰਿਕਾਂ (ਪੰਜ ਔਰਤਾਂ ਅਤੇ ਛੇ ਪੁਰਸ਼) ਨੂੰ ਗ੍ਰਿਫ਼ਤਾਰ ਕੀਤਾ। ਕਥਿਤ ਤੌਰ 'ਤੇ ਰੇਲ ਰਾਹੀਂ ਬੇਂਗਲੁਰੂ, ਦਿੱਲੀ, ਚੇਨਈ, ਕੋਲਕਾਤਾ ਅਤੇ ਓਡੀਸ਼ਾ ਸਮੇਤ ਵੱਖ-ਵੱਖ ਸ਼ਹਿਰਾਂ ਦੀ ਯਾਤਰਾ ਕਰਨ ਦੇ ਇਰਾਦੇ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਭਾਰਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਫੜੇ ਗਏ ਸਨ।

## ਰਾਹੁਲ ਗਾਂਧੀ ਦੇ ਬਿਆਨ 'ਤੇ ਅੱਜ ਸਦਨ 'ਚ ਪ੍ਰਤੀਕਿਰਿਆ ਦੇਣਗੇ PM ਮੋਦੀ



ਰਾਹੁਲ ਗਾਂਧੀ ਦੇ ਬਿਆਨ ਨੂੰ ਲੈ ਕੇ ਲੋਕ ਸਭਾ ਦੇ ਅੰਦਰ ਅਤੇ ਬਾਹਰ ਹੰਗਾਮਾ ਹੋ ਗਿਆ। ਸਦਨ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਵਿਰੋਧੀ ਧਿਰ ਦੇ ਨੇਤਾ ਦੇ ਬਿਆਨ 'ਤੇ ਸਵਾਲ ਖੜ੍ਹੇ ਕੀਤੇ, ਉਥੇ ਹੀ ਸਦਨ ਦੇ ਬਾਹਰ ਵੀ ਭਾਜਪਾ ਨੇਤਾਵਾਂ ਨੇ ਰਾਹੁਲ ਦੇ ਬਿਆਨ 'ਤੇ ਤਿੱਖਾ ਵਿਰੋਧ ਜਤਾਇਆ। ਰਾਹੁਲ ਗਾਂਧੀ ਨੇ ਆਪਣੇ ਸੰਬੋਧਨ 'ਚ ਕਿਹਾ ਸੀ ਕਿ ਸੱਤਾਧਾਰੀ ਪਾਰਟੀ ਦੇ ਨੇਤਾ ਹਿੰਦੂ ਨਹੀਂ ਹਨ ਕਿਉਂਕਿ ਉਹ ਹਿੰਸਾ ਅਤੇ ਵੰਡ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਦੇ ਹਨ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਮੰਗਲਵਾਰ ਨੂੰ ਰਾਹੁਲ ਗਾਂਧੀ ਨੂੰ ਜਵਾਬ ਦੇਣਗੇ।ਕੇਂਦਰੀ ਮੰਤਰੀ ਕਿਰਨ ਰਿਜਿਜੂ ਦਾ ਕਹਿਣਾ ਹੈ ਕਿ ਜੇਕਰ ਵਿਰੋਧੀ ਧਿਰ ਦੇ ਨੇਤਾ ਨੇ ਸਦਨ ਵਿੱਚ ਝੂਠ ਬੋਲਿਆ ਹੈ ਤਾਂ ਉਨ੍ਹਾਂ ਨੂੰ ਸਦਨ ਦੇ ਨਿਯਮਾਂ ਦਾ ਸਾਹਮਣਾ ਕਰਨਾ ਪਵੇਗਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਵਿੱਚ ਰਾਹੁਲ ਗਾਂਧੀ ਦੀਆਂ ਟਿੱਪਣੀਆਂ ਦਾ ਜਵਾਬ ਦੇਣਗੇ। ਉਨ੍ਹਾਂ ਕਿਹਾ, 'ਜਦੋਂ ਰਾਹੁਲ ਗਾਂਧੀ ਸਦਨ 'ਚ ਬੋਲ ਰਹੇ ਸਨ ਤਾਂ ਪ੍ਰਧਾਨ ਮੰਤਰੀ ਮੋਦੀ ਵੀ ਉੱਥੇ ਮੌਜੂਦ ਸਨ। ਸਪੀਕਰ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਵਾਰ-ਵਾਰ ਕਿਹਾ ਕਿ ਕੋਈ ਆਪਣਾ ਬਿਆਨ ਦਿੰਦੇ ਸਮੇਂ ਸਪੀਕਰ ਵੱਲ ਮੂੰਹ ਨਾ ਕਰੇ ਪਰ ਰਾਹੁਲ ਗਾਂਧੀ ਵਾਰ-ਵਾਰ ਆਪਣੇ ਸੰਸਦ ਮੈਂਬਰਾਂ ਵੱਲ ਦੇਖ ਕੇ ਸਪੀਕਰ ਵੱਲ ਮੂੰਹ ਮੋੜ ਰਹੇ ਸਨ। ਸਦਨ ਵਿੱਚ ਬਹਿਸ ਦਾ ਪੱਧਰ ਇੰਨਾ ਡਿੱਗ ਗਿਆ ਹੈ ਕਿ ਅਸੀਂ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ। ਅੱਜ ਸੰਸਦ ਵਿੱਚ ਨਵੇਂ ਸੰਸਦ ਮੈਂਬਰਾਂ ਨੂੰ ਰਾਹੁਲ ਗਾਂਧੀ ਤੋਂ ਕੁਝ ਵੀ ਸਿੱਖਣ ਨੂੰ ਨਹੀਂ ਮਿਲਿਆ। ਕਾਂਗਰਸ ਵਿੱਚ ਕੁਝ ਸੀਨੀਅਰ ਕਾਂਗਰਸੀ ਆਗੂ ਵੀ ਹਨ ਅਤੇ ਮੈਂ ਅਪੀਲ ਕਰਦਾ ਹਾਂ ਕਿ ਉਹ ਰਾਹੁਲ ਗਾਂਧੀ ਨੂੰ ਕੁਝ ਗਿਆਨ ਦੇਣ। ਰਿਜਿਜੂ ਨੇ ਅੱਗੇ ਕਿਹਾ ਕਿ ਲੋਕ ਸਭਾ ਸਪੀਕਰ ਨੇ ਪਹਿਲਾਂ ਹੀ ਸਦਨ ਵਿੱਚ ਭਰੋਸਾ ਦਿੱਤਾ ਹੈ ਕਿ ਉਹ ਇਸ ਸਬੰਧ ਵਿੱਚ ਜ਼ਰੂਰੀ ਅਤੇ ਢੁਕਵੇਂ ਨਿਰਦੇਸ਼ ਦੇਣਗੇ।

## GST ਕੁਲੈਕਸ਼ਨ ਨੇ ਵਧਾਈ ਸਰਕਾਰ ਦੀ ਕਮਾਈ, ਜੂਨ ’ਚ ਆਏ 1.74 ਲੱਖ ਕਰੋੜ




ਜੀ. ਐੱਸ. ਟੀ. ਕੁਲੈਕਸ਼ਨ ਨਾਲ ਸਰਕਾਰ ਦੀ ਕਮਾਈ ’ਚ ਰਿਕਾਰਡ ਤੇਜ਼ੀ ਦੇਖਣ ਨੂੰ ਮਿਲੀ ਹੈ। ਜੂਨ ਮਹੀਨੇ ’ਚ ਜੀ. ਐੱਸ. ਟੀ. ਕੁਲੈਕਸ਼ਨ 1.74 ਲੱਖ ਕਰੋੜ ਨੂੰ ਪਾਰ ਕਰ ਗਈ ਹੈ, ਜਿਸ ’ਚ ਸੀ. ਜੀ. ਐੱਸ. ਟੀ. 39,586 ਕਰੋੜ ਅਤੇ ਐੱਸ. ਜੀ. ਐੱਸ. ਟੀ. 33,548 ਕਰੋੜ ਰੁਪਏ ਹੈ।

ਮਈ 2024 ’ਚ ਸਰਕਾਰ ਦੀ ਜੀ. ਐੱਸ. ਟੀ. ਕੁਲੈਕਸ਼ਨ 1.73 ਲੱਖ ਕਰੋੜ ਰੁਪਏ ਰਹੀ ਸੀ, ਜੋ ਪਿਛਲੇ ਸਾਲ ਮਈ ਦੇ ਮਹੀਨੇ ’ਚ ਹੋਈ ਜੀ. ਐੱਸ. ਟੀ. ਕੁਲੈਕਸ਼ਨ ਦੇ ਮੁਕਾਬਲੇ ਰਿਕਾਰਡ 10 ਫ਼ੀਸਦੀ ਜ਼ਿਆਦਾ ਸੀ। ਪਿਛਲੇ ਸਾਲ ਮਈ ’ਚ 1.57 ਲੱਖ ਕਰੋੜ ਰੁਪਏ ਦੀ ਕੁਲੈਕਸ਼ਨ ਹੋਈ ਸੀ।

ਦੱਸ ਦੇਈਏ ਕਿ ਜੀ. ਐੱਸ. ਟੀ. ਦੀ ਕੁਲ ਕੁਲੈਕਸ਼ਨ ’ਚ ਕੇਂਦਰ ਸਰਕਾਰ, ਸੂਬਾ ਸਰਕਾਰਾਂ ਅਤੇ ਦਰਾਮਦ-ਬਰਾਮਦ ’ਤੇ ਲੱਗਣ ਵਾਲੇ ਟੈਕਸ ਦਾ ਹਿੱਸਾ ਹੁੰਦਾ ਹੈ। ਉੱਥੇ ਹੀ ਸੈੱਸ ਨਾਲ ਵੀ ਸਰਕਾਰ ਜੀ. ਐੱਸ. ਟੀ. ਦੇ ਤਹਿਤ ਪੈਸੇ ਦੀ ਉਗਰਾਹੀ ਕਰਦੀ ਹੈ।

### ਇਸ ਤਰ੍ਹਾਂ ਵਧ ਰਿਹਾ ਸਰਕਾਰੀ ਖਜ਼ਾਨਾ

ਸੈਂਟਰਲ ਬੋਰਡ ਆਫ ਇਨਡਾਇਰੈਕਟ ਟੈਕਸਿਜ਼ ਐਂਡ ਕਸਟਮਸ (ਸੀ . ਬੀ. ਆਈ. ਸੀ.) ਦੇ ਚੇਅਰਮੈਨ ਸੰਜੇ ਕੁਮਾਰ ਅੱਗਰਵਾਲ ਨੇ ਕਿਹਾ ਸੀ ਕਿ ਬੀਤੇ ਵਿੱਤੀ ਸਾਲ 2023-24 ’ਚ ਇਨਡਾਇਰੈਕਟ ਟੈਕਸ ਕੁਲੈਕਸ਼ਨ ਸਰਕਾਰ ਦੇ 14.84 ਲੱਖ ਕਰੋੜ ਰੁਪਏ ਦੇ ਸੋਧੇ ਅੰਦਾਜ਼ੇ (ਰਿਵਾਈਜ਼ਡ ਐਸਟੀਮੇਟ-ਆਰ. ਈ.) ਤੋਂ ਬਹੁਤ ਜ਼ਿਆਦਾ ਰਹੀ ਹੈ। ਉਨ੍ਹਾਂ ਰਿਜਨਲ ਟੈਕਸ ਆਫਿਸ਼ੀਅਲਸ ਨੂੰ ਪੱਤਰ ਲਿਖ ਕੇ 2023-24 ’ਚ ਹੋਈ ਰਿਕਾਰਡ ਜੀ. ਐੱਸ. ਟੀ. ਕੁਲੈਕਸ਼ਨ ਦਾ ਸਿਹਰਾ ਟੀਮ ਨੂੰ ਦਿੱਤਾ।

ਉਨ੍ਹਾਂ ਨੇ ਆਪਣੇ ਪੱਤਰ ’ਚ ਟੈਕਸ ਆਫਿਸ਼ੀਅਲ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ ਸਾਡੇ ਪ੍ਰੋਫੈਸ਼ਨਲਿਜ਼ਮ ਨੂੰ ਦਰਸਾਉਂਦੀਂ ਹੈ, ਸਗੋਂ ਸੀ. ਬੀ. ਆਈ. ਸੀ. ਕੰਮਿਊਨਿਟੀ ਦੇ ਅੰਦਰ ਟੀਮ ਵਰਕ ਅਤੇ ਮਜ਼ਬੂਤੀ ਦੀ ਤਾਕਤ ਨੂੰ ਵੀ ਉਭਾਰਦੀ ਹੈ।

### ਪਿਛਲੇ ਸਾਲ ਹੋਈ ਸੀ ਰਿਕਾਰਡ ਕੁਲੈਕਸ਼ਨ

ਸੀ. ਬੀ. ਆਈ. ਸੀ. ਚੀਫ ਸੰਜੇ ਕੁਮਾਰ ਅੱਗਰਵਾਲ ਨੇ ਕਿਹਾ ਕਿ ਵਿੱਤੀ ਸਾਲ 2023-24 ਦੌਰਾਨ ਦੇਸ਼ ’ਚ ਜੀ. ਐੱਸ. ਟੀ. ਤੋਂ 20.18 ਲੱਖ ਕਰੋੜ ਰੁਪਏ ਦੀ ਕੁੱਲ ਟੈਕਸ ਕੁਲੈਕਸ਼ਨ ਹੋਈ ਹੈ। ਇਹ ਇਸ ਤੋਂ ਪਿਛਲੇ ਵਿੱਤੀ ਸਾਲ 2022-23 ਦੀ ਟੈਕਸ ਕੁਲੈਕਸ਼ਨ ਨਾਲੋਂ 11.7 ਫ਼ੀਸਦੀ ਵੱਧ ਹੈ।


ਇਸ ਸਾਲ ਫਰਵਰੀ ’ਚ ਪੇਸ਼ ਕੀਤੇ ਗਏ ਅੰਤ੍ਰਿਮ ਬਜਟ ’ਚ ਸਰਕਾਰ ਨੇ ਵਿੱਤੀ ਸਾਲ 2023-24 ’ਚ ਡਾਇਰੈਕਟ ਟੈਕਸ ਕੁਲੈਕਸ਼ਨ ਦਾ ਟੀਚਾ ਵਧਾ ਕੇ 19.45 ਲੱਖ ਕਰੋੜ ਰੁਪਏ ਕਰ ਦਿੱਤਾ ਸੀ, ਜਦਕਿ ਜੀ. ਐੱਸ. ਟੀ., ਕਸਟਮ ਡਿਊਟੀ ਅਤੇ ਐਕਸਾਈਜ਼ ਡਿਊਟੀ ਸਮੇਤ ਅਸਿੱਧੇ ਟੈਕਸਾਂ ਲਈ ਟੀਚਾ ਘਟਾ ਕੇ 14.84 ਲੱਖ ਕਰੋੜ ਰੁਪਏ ਕਰ ਦਿੱਤਾ ਸੀ।

ਸੋਧੇ ਅੰਦਾਜ਼ਾ ਅਨੁਸਾਰ ਵਿੱਤੀ ਸਾਲ 2023-24 ’ਚ ਸਰਕਾਰ ਨੂੰ ਕੁੱਲ 34.37 ਲੱਖ ਕਰੋੜ ਰੁਪਏ ਦੀ ਟੈਕਸ ਕੁਲੈਕਸ਼ਨ ਦੀ ਉਮੀਦ ਹੈ।



## ਬੰਗਾਲ ਦੇ ਰਾਜਪਾਲ ਨੇ ਮੰਗੀ ਰਿਪੋਰਟ

ਪੱਛਮੀ ਬੰਗਾਲ ਦੇ ਉੱਤਰੀ ਦਿਨਾਜਪੁਰ ਜ਼ਿਲ੍ਹੇ 'ਚ ਇਕ ਜੋੜੇ ਨੂੰ ਸ਼ਰੇਆਮ ਕੁੱਟਣ ਦੀ ਘਟਨਾ ਨੂੰ ਲੈ ਕੇ ਗੁੱਸਾ ਫੈਲ ਗਿਆ ਹੈ। ਰਾਜਪਾਲ ਸੀ. ਵੀ. ਆਨੰਦ ਬੋਸ ਨੇ ਇਸ ਘਟਨਾ ਸਬੰਧੀ ਮੁੱਖ ਮੰਤਰੀ ਮਮਤਾ ਬੈਨਰਜੀ ਤੋਂ ਰਿਪੋਰਟ ਮੰਗੀ ਹੈ, ਜਦਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੂਬੇ 'ਚ ਸੱਤਾਧਾਰੀ ਪਾਰਟੀ ਤ੍ਰਿਣਮੂਲ ਕਾਂਗਰਸ 'ਤੇ 'ਤਾਲਿਬਾਨ ਰਾਜ' ਚਲਾਉਣ ਦਾ ਦੋਸ਼ ਲਾਇਆ ਹੈ।ਇਸ ਘਟਨਾ ਦਾ ਇਕ ਵੀਡੀਓ ਸਾਹਮਣੇ ਆਇਆ ਹੈ ਜਿਸ 'ਚ ਇਕ ਵਿਅਕਤੀ ਜੋੜੇ ਨੂੰ ਡੰਡੇ ਨਾਲ ਕੁੱਟਦਾ ਨਜ਼ਰ ਆ ਰਿਹਾ ਹੈ। ਕੁੱਟਮਾਰ ਕਰਨ ਵਾਲੇ ਵਿਅਕਤੀ ਦੀ ਪਛਾਣ ਤਜਮੁਲ ਉਰਫ 'ਜੇ. ਸੀ. ਬੀ.' ਵਜੋਂ ਹੋਈ ਹੈ। ਦਾਅਵਾ ਕੀਤਾ ਗਿਆ ਹੈ ਕਿ ਉਹ ਤ੍ਰਿਣਮੂਲ ਕਾਂਗਰਸ ਦਾ ਸਥਾਨਕ ਆਗੂ ਹੈ। ਉਸ ਨੂੰ ਬੀਤੀ ਰਾਤ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮ ਨੂੰ ਸਥਾਨਕ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ 5 ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ।




## ਤੇਜ਼ੀ ਨਾਲ ਫੈਲ ਰਿਹੈ ਜ਼ੀਕਾ ਵਾਇਰਸ, ਇਸ ਸ਼ਹਿਰ 'ਚ 6 ਮਾਮਲੇ ਆਏ ਸਾਹਮਣੇ

ਪੁਣੇ ਸ਼ਹਿਰ ਵਿੱਚ ਜ਼ੀਕਾ ਵਾਇਰਸ ਦੇ ਛੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚ ਦੋ ਗਰਭਵਤੀ ਔਰਤਾਂ ਵੀ ਸ਼ਾਮਲ ਹਨ। ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਅਲਰਟ ਮੋਡ 'ਤੇ ਆ ਗਿਆ ਹੈ। ਪੁਣੇ ਨਗਰ ਨਿਗਮ ਦੇ ਸਿਹਤ ਵਿਭਾਗ ਨੇ ਨਿਗਰਾਨੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਸਾਵਧਾਨੀ ਵਜੋਂ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਫੋਗਿੰਗ ਅਤੇ ਫਿਊਮੀਗੇਸ਼ਨ ਵਰਗੇ ਉਪਾਅ ਕੀਤੇ ਜਾ ਰਹੇ ਹਨ।ਸਿਹਤ ਅਧਿਕਾਰੀ ਦੇ ਅਨੁਸਾਰ, ਜ਼ੀਕਾ ਵਾਇਰਸ ਦੀ ਲਾਗ ਦਾ ਪਹਿਲਾ ਮਾਮਲਾ ਇਰੰਦਵਾਨੇ ਖੇਤਰ ਵਿੱਚ ਸਾਹਮਣੇ ਆਇਆ ਜਦੋਂ ਇੱਕ 46 ਸਾਲਾ ਡਾਕਟਰ ਦੀ ਰਿਪੋਰਟ ਸਕਾਰਾਤਮਕ ਆਈ। ਉਸ ਤੋਂ ਬਾਅਦ ਡਾਕਟਰ ਦੀ 15 ਸਾਲਾ ਧੀ ਵੀ ਪਾਜ਼ੇਟਿਵ ਪਾਈ ਗਈ। ਇਨ੍ਹਾਂ ਦੋਵਾਂ ਤੋਂ ਇਲਾਵਾ ਮੁੰਡਵਾ ਦੇ ਇਕ 47 ਸਾਲਾ ਵਿਅਕਤੀ ਅਤੇ 22 ਸਾਲਾ ਨੌਜਵਾਨ ਦੀ ਰਿਪੋਰਟ ਵੀ ਪਾਜ਼ੀਟਿਵ ਆਈ ਹੈ।ਸੰਕਰਮਿਤ ਔਰਤਾਂ ਵਿੱਚੋਂ ਇੱਕ 12 ਹਫ਼ਤਿਆਂ ਦੀ ਗਰਭਵਤੀ

ਇਰੰਦਵਾਨੇ ਖੇਤਰ ਦੀ ਇੱਕ 28 ਸਾਲਾ ਗਰਭਵਤੀ ਔਰਤ ਨੂੰ ਚਾਰ ਕੇਸਾਂ ਦੀ ਰਿਪੋਰਟ ਕੀਤੇ ਜਾਣ ਤੋਂ ਬਾਅਦ ਜ਼ੀਕਾ ਵਾਇਰਸ ਦੀ ਲਾਗ ਦਾ ਪਤਾ ਲੱਗਿਆ। ਸ਼ੁੱਕਰਵਾਰ ਨੂੰ ਉਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਇਸ ਦੇ ਨਾਲ ਹੀ ਸੋਮਵਾਰ ਨੂੰ 12 ਹਫਤਿਆਂ ਦੀ ਗਰਭਵਤੀ ਔਰਤ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਹਾਲਾਂਕਿ ਦੋਵਾਂ ਔਰਤਾਂ ਦੀ ਹਾਲਤ ਨਾਰਮਲ ਹੈ।

# ਪੀ. ਐੱਸ. ਪੀ. ਸੀ. ਐੱਲ. ਨੇ ਬਦਲੇ ਸਾਰੇ ਚੀਫ ਇੰਜੀਨੀਅਰ



ਗਰਮੀਆਂ ਅਤੇ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ. ਐੱਸ. ਪੀ. ਸੀ. ਐੱਲ.) ਨੇ ਸੂਬੇ ਦੇ ਸਾਰੇ ਚੀਫ ਇੰਜੀਨੀਅਰਾਂ ਦੇ ਤਬਾਦਲੇ ਕਰ ਦਿੱਤੇ ਹਨ। ਇਹ ਕਦਮ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਚੁੱਕਿਆ ਗਿਆ ਹੈ। ਇੰਜੀ. ਇੰਦਰਪਾਲ ਸਿੰਘ ਨੂੰ ਚੀਫ ਇੰਜੀਨੀਅਰ ਇਨਫਰਮੇਸ਼ਨ ਟੈਕਨਾਲੋਜੀ ਮੁੱਖ ਦਫਤਰ ਪਟਿਆਲਾ, ਇੰਜੀ. ਜਗਦੇਵ ਸਿੰਘ ਹੰਸ ਨੂੰ ਚੀਫ਼ ਇੰਜੀਨੀਅਰ ਸੈਂਟਰਲ ਜ਼ੋਨ ਲੁਧਿਆਣਾ, ਇੰਜੀ. ਦੇਸ ਰਾਜ ਬੰਗੜ ਨੂੰ ਚੀਫ਼ ਇੰਜੀਨੀਅਰ ਬਾਰਡਰ ਜ਼ੋਨ ਅੰਮ੍ਰਿਤਸਰ, ਇੰਜੀ. ਜੀਵਨਦੀਪ ਸਿੰਘ ਧਾਲੀਵਾਲ ਚੀਫ਼ ਇੰਜੀਨੀਅਰ ਟਰਾਂਸਮਿਸ਼ਨ ਸਿਸਟਮ ਮੁੱਖ ਦਫ਼ਤਰ ਪਟਿਆਲਾ, ਇੰਜੀ. ਰਤਨ ਕੁਮਾਰ ਮਿੱਤਲ ਨੂੰ ਚੀਫ਼ ਇੰਜੀਨੀਅਰ ਦੱਖਣੀ ਜ਼ੋਨ, ਪਟਿਆਲਾ ਲਗਾਇਆ ਗਿਆ ਹੈ।

ਇੰਜੀ. ਇੰਦਰਜੀਤ ਸਿੰਘ ਨੂੰ ਚੀਫ ਇੰਜੀਨੀਅਰ ਟੈਕਨੀਕਲ ਆਡਿਟ ਅਤੇ ਇੰਸਪੈਕਸ਼ਨ ਮੁੱਖ ਦਫਤਰ ਪਟਿਆਲਾ ਅਤੇ ਇੰਜੀ. ਗੁਲਸ਼ਨ ਕੁਮਾਰ ਚੁਟਾਨੀ ਨੂੰ ਬਤੌਰ ਐੱਸ. ਈ. ਪ੍ਰੋਟੈਕਸ਼ਨ ਅਤੇ ਮੇਨਟੀਨੈਂਸ ਸਰਕਲ ਜਲੰਧਰ ’ਚ ਤਾਇਨਾਤ ਕੀਤਾ ਗਿਆ ਹੈ। ਪੀ. ਐੱਸ. ਪੀ. ਸੀ. ਐੱਲ. ਮੈਨੇਜਮੈਂਟ ਨੇ ਬਦਲੇ ਗਏ ਸਾਰੇ ਇੰਜੀਨੀਅਰਾਂ ਨੂੰ ਤੁਰੰਤ ਪ੍ਰਭਾਵ ਨਾਲ ਨਵੀਆਂ ਡਿਊਟੀਆਂ ਸੰਭਾਲਣ ਦੇ ਹੁਕਮ ਦਿੱਤੇ ਹਨ।

# ਥਾਰ ਕਾਰ ਨਾਲ ਟੱਕਰ ਮਗਰੋਂ ਸਰਹਿੰਦ ਨਹਿਰ ‘ਚ ਡਿੱਗਿਆ ਆਟੋ, ਚਾਲਕ ਸਣੇ 5 ਲੋਕ ਰੁੜ੍ਹੇ



ਰੋਪੜ ਨਗਰ ਕੌਂਸਲ ਦਫਤਰ ਦੇ ਨਜ਼ਦੀਕ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ ਇੱਕ ਥਾਰ ਕਾਰ ਅਤੇ ਆਟੋ ਦੀ ਜ਼ਬਰਦਸਤ ਟੱਕਰ ਹੋਈ। ਥਾਰ ਕਾਰ ਦੀ ਲਪੇਟ ਵਿਚ ਆਉਣ ਤੋਂ ਬਾਅਦ ਛੋਟਾ ਹਾਥੀ ਸਵਾਰੀ ਟੈਂਪੂ ਸਰਹੰਦ ਨਹਿਰ ਵਿਚ ਜਾ ਡਿੱਗਿਆ। ਪੁਲਿਸ ਨੇ ਗੋਤਾਖੋਰਾਂ ਦੀ ਮਦਦ ਨਾਲ ਹਾਈਡਰਾਂ ਮਸ਼ੀਨ ਨਾਲ ਨਹਿਰ ਵਿਚੋਂ ਟੈਂਪੂ ਕੱਢ ਲਿਆ ਪਰ ਸਵਾਰੀਆਂ ਰੁੜ੍ਹ ਗਈਆਂ। NDRF ਵੱਲੋਂ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ, ਰਾਧਾਸਵਾਮੀ ਸਤਿਸੰਗ ਘਰ ਵੱਲੋਂ ਟੈਂਪੂ ਚਾਲਕ ਸਵਾਰੀਆਂ ਲੈ ਕੇ ਸ਼ਹਿਰ ਵੱਲ ਸਰਹੰਦ ਨਹਿਰ ਦੇ ਨਾਲ ਵਾਲੀ ਸੜਕ ’ਤੇ ਆ ਰਿਹਾ ਸੀ ਕਿ ਪਿੱਛੇ ਤੋਂ ਆ ਰਹੀ ਤੇਜ਼ ਰਫਤਾਰ ਥਾਰ ਕਾਰ ਨੇ ਟੱਕਰ ਮਾਰ ਦਿੱਤੀ ਜਿਸ ਦੇ ਚੱਲਦਿਆਂ ਟੈਂਪੂ ਸਿੱਧਾ ਸਰਹਿੰਦ ਨਹਿਰ ਵਿਚ ਜਾ ਡਿੱਗਾ। ਦੱਸਿਆ ਜਾ ਰਿਹਾ ਹੈ ਕਿ ਟੈਂਪੂ ਵਿੱਚ ਡਰਾਈਵਰ ਸਮੇਤ ਪੰਜ ਸਵਾਰੀਆਂ ਸਵਾਰ ਸਨ। ਘਟਨਾ ਸਥਾਨ ’ਤੇ ਪਹੁੰਚੇ ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਥਾਰ ਕਾਰ ਦੀ ਟੱਕਰ ਨਾਲ ਟੈਂਪੂ ਜਿਸ ਨੂੰ ਛੋਟਾ ਹਾਥੀ ਵੀ ਕਹਿੰਦੇ ਹਨ, ਸਰਹੰਦ ਨਹਿਰ ਵਿਚ ਡਿੱਗਿਆ ਹੈ ਪਰ ਉਸ ਵਿਚ ਕਿੰਨੀਆਂ ਸਵਾਰੀਆਂ ਸਵਾਰ ਸਨ, ਇਸ ਬਾਰੇ ਪੱਕਾ ਪਤਾ ਨਹੀਂ ਲੱਗਾ ਪਰ ਥਾਰ ਦਾ ਚਾਲਕ ਚਾਰ ਸਵਾਰੀਆਂ ਦੱਸ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਾਈਡਰਾ ਮਸ਼ੀਨ ਦੀ ਮਦਦ ਨਾਲ ਟੈਂਪੂ ਬਾਹਰ ਕੱਢ ਲਿਆ ਹੈ ਪਰ ਸਵਾਰੀ ਵਿਚ ਕੋਈ ਨਹੀਂ ਸੀ। ਪੁਲਿਸ ਨੇ ਥਾਰ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਸਵਾਰੀਆਂ ਦੀ ਭਾਲ ਜਾਰੀ ਹੈ ਪਰ ਨਹਿਰ ਵਿਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਮੁਸ਼ਕਲ ਆ ਰਹੀ ਹੈ। ਇਸ ਮੌਕੇ ਡਿਊਟੀ ਮੈਜਿਸਟਰੇਟ ਕੁਲਦੀਪ ਸਿੰਘ, ਡੀਐੱਸਪੀ ਹਰਪਿੰਦਰ ਕੌਰ ਗਿੱਲ ਹਾਜ਼ਰ ਸਨ। ਉੱਧਰ ਮੌਕੇ ’ਤੇ ਹਾਜ਼ਰ ਟੈਂਪੂ ਚਾਲਕ ਦੇ ਪੁੱਤਰ ਸੁਰਜਨ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਕਰਮ ਸਿੰਘ 2012 ਤੋਂ ਟੈਪੂ ਚਲਾ ਕੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ। ਉੱਧਰ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਆਦੇਸ਼ ਜਾਰੀ ਕਰਕੇ ਨਹਿਰ ਵਿੱਚ ਪਾਣੀ ਦਾ ਵਹਾਅ ਘਟਾਉਣ ਦੀ ਹਦਾਇਤ ਦਿੱਤੀ ਹੈ।

# ਪੰਜਾਬ ਦੇ ਜ਼ਿਲ੍ਹੇ ’ਚ ਮਾਨਸੂਨ ਦੀ ਦਸਤਕ ਨਾਲ ਹੀ ਫੈਲਣ ਲੱਗੀ ਇਹ ਬੀਮਾਰੀ



: ਮਾਨਸੂਨ ਦੀ ਦਸਤਕ ਦੇਣ ਦੇ ਨਾਲ ਹੀ ਜ਼ਿਲ੍ਹੇ 'ਚ ਡੇਂਗੂ ਵੀ ਪੈਰ ਪਸਾਰਣ ਲੱਗਾ ਹੈ। ਮੌਜੂਦਾ ਸਮੇਂ ’ਚ ਜ਼ਿਲ੍ਹੇ 'ਚ ਡੇਂਗੂ ਦੇ 15 ਕੇਸ ਸਾਹਮਣੇ ਆ ਚੁੱਕੇ ਹਨ। ਡੇਂਗੂ ਦੇ ਵੱਧ ਰਹੇ ਮਾਮਲਿਆਂ ਨੂੰ ਦੇਖਦਿਆਂ ਸਿਹਤ ਵਿਭਾਗ ਵੱਲੋਂ ਇਸ ’ਤੇ ਕਾਬੂ ਪਾਉਣ ਲਈ ਪੂਰੀ ਤਿਆਰੀ ਕਰ ਲਈ ਗਈ ਹੈ। ਸਿਹਤ ਵਿਭਾਗ ਅਨੁਸਾਰ ਜੁਲਾਈ ਤੋਂ ਲੈ ਕੇ ਨਵੰਬਰ ਤੱਕ ਡੇਂਗੂ ਦੇ ਮਾਮਲੇ ਵੱਧਦੇ ਹਨ। ਅਜਿਹੇ ’ਚ ਜੇਕਰ ਲੋਕ ਸਾਵਧਾਨੀ ਵਰਤਣ ਤਾਂ ਡੇਂਗੂ ਦੀ ਲਪੇਟ ’ਚ ਆਉਣ ਤੋਂ ਬਚ ਸਕਦੇ ਹਨ। ਸਿਹਤ ਵਿਭਾਗ ਵੱਲੋਂ ਘਰ-ਘਰ ਜਾ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਅਤੇ ਲੋਕਾਂ ਦੀ ਜਾਂਚ ਰਨ ਲਈ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਰੇ ਸਰਕਾਰੀ ਹਸਪਤਾਲਾਂ 'ਚ ਡੇਂਗੂ ਵਾਰਡ ਵੀ ਤਿਆਰ ਕੀਤੇ ਗਏ ਹਨ।

ਸਿਹਤ ਵਿਭਾਗ ਦਾ ਸੁਝਾਅ, ਘਰਾਂ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ

ਜ਼ਿਲ੍ਹਾ ਐਪੇਡੇਮਿਓਲੋਜਿਸਟ ਡਾ. ਸੁਭਾਸ਼ ਕੁਮਾਰ ਨੇ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਦੀ ਰੋਕਥਾਮ ’ਚ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਘਰਾਂ ’ਚ ਅਤੇ ਆਲੇ-ਦੁਆਲੇ ਕਿਤੇ ਵੀ ਸਾਫ਼ ਜਾਂ ਗੰਦਾ ਪਾਣੀ ਇਕੱਠਾ ਨਾ ਹੋਣ ਦੇਣ। ਡੇਂਗੂ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਸਾਫ਼ ਪਾਣੀ ’ਚ ਪਲਦਾ ਹੈ। ਜੇਕਰ ਕਿਸੇ ਨੂੰ ਡੇਂਗੂ ਹੋਣ ਦਾ ਸ਼ੱਕ ਹੋਵੇ ਤਾਂ ਉਸ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ। ਸਰਕਾਰੀ ਸਿਹਤ ਸੰਸਥਾਵਾਂ ’ਚ ਡੇਂਗੂ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਕਰ ਸਕਦੇ ਹੋ ਡੇਂਗੂ ਤੋਂ ਬਚਾਅ

ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਹਿਨੋ। ਮੱਛਰਦਾਨੀ ਲਗਾ ਕੇ ਹੀ ਸੌਂਵੋ। ਦਿਨ ਵੇਲੇ ਮੱਛਰ ਭਜਾਉਣ ਵਾਲੇ ਲੋਸ਼ਨ ਜਾਂ ਤੇਲ ਦੀ ਵਰਤੋਂ ਕਰੋ। ਟੁੱਟੇ ਭਾਂਡਿਆਂ, ਪੁਰਾਣੇ ਟਾਇਰਾਂ, ਗਮਲਿਆਂ, ਫਲਵਰ ਪੋਟ ਅਤੇ ਡਰੰਮਾਂ, ਕੂਲਰਾਂ ਵਿਚ ਪਾਣੀ ਇਕੱਠਾ ਨਾ ਹੋਣ ਦਿਓ। ਟੈਂਕੀ ਵਿਚ ਪਾਣੀ ਨੂੰ ਸਮੇਂ-ਸਮੇਂ ’ਤੇ ਸਾਫ਼ ਕਰਦੇ ਰਹੋ। ਜੇਕਰ ਡੇਂਗੂ ਦੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਹਸਪਤਾਲ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ।

ਪਿਛਲੇ ਸਾਲਾਂ ’ਚ ਜ਼ਿਲ੍ਹੇ ’ਚ ਪ੍ਰਕੋਪ ਅੰਕੜੇ

ਸਿਹਤ ਵਿਭਾਗ ਦੇ ਯਤਨਾਂ ਸਦਕਾ ਪਿਛਲੇ ਕੁੱਝ ਸਾਲਾਂ ਤੋਂ ਡੇਂਗੂ ਦੇ ਮਾਮਲਿਆਂ ਅਤੇ ਇਸ ਬੁਖ਼ਾਰ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਹਰ ਸਾਲ ਘੱਟ ਵੇਖਣ ਨੂੰ ਮਿਲਿਆ ਹੈ। ਸਾਲ 2021 ਵਿਚ ਡੇਂਗੂ ਦੇ ਕੁੱਲ 3949 ਮਾਮਲੇ ਸਾਹਮਣੇ ਆਏ ਸਨ। ਜ਼ਿਲ੍ਹੇ 'ਚ ਇਸ ਦੌਰਾਨ ਡੇਂਗੂ ਕਾਰਨ ਕੁੱਲ 13 ਲੋਕਾਂ ਦੀ ਮੌਤ ਹੋ ਗਈ ਸੀ। ਸਾਲ 2022 'ਚ ਡੇਂਗੂ ਦੇ 1831 ਮਾਮਲੇ ਸਾਹਮਣੇ ਆਏ ਸਨ ਤੇ ਡੇਂਗੂ ਕਾਰਨ 6 ਲੋਕਾਂ ਦੀ ਮੌਤ ਹੋ ਗਈ ਸੀ। ਸਾਲ 2023 ਵਿਚ 1329 ਲੋਕਾਂ ਨੂੰ ਡੇਂਗੂ ਹੋਇਆ ਸੀ ਤੇ ਡੇਂਗੂ ਕਾਰਨ 1 ਦੀ ਮੌਤ ਹੋ ਗਈ ਸੀ।

# ‘ਆਪ’ ਨੇ ਜਲੰਧਰ ’ਚ ਭਾਜਪਾ ਅਤੇ ਕਾਂਗਰਸ ਨੂੰ ਦਿੱਤਾ ਵੱਡਾ ਝਟਕਾ,



ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸੋਮਵਾਰ ਨੂੰ ਜਲੰਧਰ ਵਿਚ ਭਾਜਪਾ ਤੇ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ। ਸਾਬਕਾ ਡਿਪਟੀ ਮੇਅਰ ਪ੍ਰਵੇਸ਼ ਤਾਂਗੜੀ, ਸਾਬਕਾ ਪੀ.ਐੱਸ.ਐੱਸ.ਸੀ. ਡਾਇਰੈਕਟਰ ਅਤੇ ਵਾਰਡ ਨੰਬਰ 78 ਤੋਂ ਸਾਬਕਾ ਕੌਂਸਲਰ ਜਗਦੀਸ਼ ਰਾਮ ਸਮਰਾਏ ਤੇ ਰਾਜ ਕੁਮਾਰ ਰਾਜੂ ਭਾਜਪਾ ਤੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਪਾਰਟੀ ਵਿਚ ਰਸਮੀ ਤੌਰ ’ਤੇ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿਚ ਭਾਰੀ ਅੰਤਰ ਨਾਲ ਜਿੱਤ ਦਰਜ ਕਰਾਂਗੇ। ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਪੰਜਾਬ ਹਿਤੈਸ਼ੀ ਸਾਰੇ ਲੋਕਾਂ ਦਾ ਸਵਾਗਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਭਾਜਪਾ ਅਤੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਹੈ। ਉਨ੍ਹਾਂ ਦੇ ਆਗੂ ਲਗਾਤਾਰ ‘ਆਪ’ ਵਿਚ ਸ਼ਾਮਲ ਹੋ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ ਪੱਛਮੀ ਤੋਂ ‘ਆਪ’ ਉਮੀਦਵਾਰ ਮਹਿੰਦਰ ਭਗਤ ਇਕ ਈਮਾਨਦਾਰ ਅਤੇ ਵੱਕਾਰੀ ਆਗੂ ਹਨ। ਲੋਕ ਉਨ੍ਹਾਂ ਨੂੰ ਭਾਰੀ ਵੋਟਾਂ ਨਾਲ ਜਿੱਤ ਦਿਵਾਉਣਗੇ। ਇਸ ਮੌਕੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਮੰਤਰੀ ਅਮਨ ਅਰੋੜਾ, ਵਿਧਾਇਕ ਰਮਨ ਅਰੋੜਾ, ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਅਤੇ ਵਿਧਾਇਕ ਬਰਿੰਦਰ ਗੋਇਲ ਮੌਜੂਦ ਸਨ।

# ਇਸ ਸਾਲ ਵਿਦੇਸ਼ਾਂ ਤੋਂ 6700 ਕਰੋੜਪਤੀਆਂ ਦੇ ਦੁਬਈ ਪਹੁੰਚਣ ਦੀ ਉਮੀਦ

ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦਾ ਵਪਾਰਕ ਕੇਂਦਰ ਦੁਬਈ ਦੁਨੀਆ ਭਰ ਦੇ ਅਮੀਰਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਨੇ ਖੁਦ ਨੂੰ ਅਮੀਰ ਲੋਕਾਂ ਲਈ ਪਨਾਹਗਾਹ ਵਜੋਂ ਸਥਾਪਿਤ ਕੀਤਾ ਹੈ।ਵੈਲਥ ਕੰਸਲਟੈਂਸੀ ਹੈਨਲੇ ਐਂਡ ਪਾਰਟਨਰਜ਼ ਮੁਤਾਬਕ ਇਸ ਸਾਲ ਇਥੇ 6700 ਕਰੋੜਪਤੀਆਂ ਦੇ ਆਉਣ ਦੀ ਉਮੀਦ ਹੈ। ਇਕ ਰਿਪੋਰਟ ਮੁਤਾਬਕ ਹੁਣ ਦੁਬਈ ਆਉਣ ਵਾਲੇ ਅਮੀਰਾਂ ਦੀ ਗਿਣਤੀ ਅਮਰੀਕਾ ਨਾਲੋਂ ਲਗਭਗ ਦੁੱਗਣੀ ਹੋ ਗਈ ਹੈ। ਅਮਰੀਕਾ ਵਿਚ ਅਜਿਹੇ 55 ਲੱਖ ਲੋਕ 1 ਮਿਲੀਅਨ ਡਾਲਰ ਜਾਂ ਇਸ ਤੋਂ ਵੱਧ ਦੀ ਜਾਇਦਾਦ ਰੱਖਦੇ ਹਨ।



# ਮਿਡ-ਡੇ ਮੀਲ ਸਕੀਮ ਦੇ ਮੈਨਿਊ ਚ ਹੋਇਆ ਬਦਲਾਅ, ਜਾਣੋ ਹੁਣ ਕਿਸ ਦਿਨ ਕੀ-ਕੀ ਬਣੇਗਾ ?

ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਸਟੇਟ ਮਿਡ-ਡੇ ਮੀਲ ਸੋਸਾਇਟੀ ਵੱਲੋਂ ਮਿਡ-ਡੇ ਮੀਲ ਦੇ ਮੈਨਿਊ ’ਚ ਬਦਲਾਅ ਕੀਤਾ ਗਿਆ ਹੈ। ਇਸ ’ਚ ਮਾਂਹ ਦੀ ਦਾਲ ਤੇ ਛੋਲੇ ਸ਼ਾਮਲ ਕੀਤੇ ਗਏ ਹਨ। ਇਕ ਜੁਲਾਈ ਤੋਂ ਵਿਭਾਗ ਨਵਾਂ ਮੈਨਿਊ ਲਾਗੂ ਹੋ ਗਿਆ ਹੈ।

ਸੋਮਵਾਰ : ਦਾਲ, ਮੌਸਮੀ ਸਬਜ਼ੀਆਂ ਅਤੇ ਰੋਟੀ
ਮੰਗਲਵਾਰ : ਰਾਜਮਾਂਹ-ਚੌਲ
ਬੁੱਧਵਾਰ : ਆਲੂ ਦੇ ਨਾਲ ਕਾਲੇ ਛੋਲੇ, ਸਫੇਦ ਛੋਲੇ ਅਤੇ ਪੂੜੀ ਅਤੇ ਰੋਟੀ
ਵੀਰਵਾਰ : ਕੜ੍ਹੀ (ਆਲੂ ਪਿਆਜ਼ ਦੇ ਪਕੌੜੇ ਸਮੇਤ) ਅਤੇ ਚੌਲ।
ਸ਼ੁੱਕਰਵਾਰ : ਮੌਸਮੀ ਸਬਜ਼ੀ ਅਤੇ ਰੋਟੀ
ਸ਼ਨੀਵਾਰ : ਮਾਂਹ ਦੀ ਦਾਲ, ਛੋਲੇ, ਚੌਲ ਅਤੇ ਮੌਸਮੀ ਫਲ।




# ਮਸ਼ਹੂਰ ਸਾਊਥ ਅਦਾਕਾਰਾ ਸੁਨੈਨਾ ਬਣੇਗੀ ਮੁਸਲਿਮ ਯੂਟਿਊਬਰ ਖਾਲਿਦ ਅਲ ਅਮੇਰੀ ਦੀ ਲਾੜੀ



ਸਾਊਥ ਦੀ ਮਸ਼ਹੂਰ ਅਦਾਕਾਰਾ ਸੁਨੈਨਾ ਜਲਦ ਹੀ ਦੁਲਹਨ ਬਣਨ ਜਾ ਰਹੀ ਹੈ। ਉਹ ਦੁਬਈ ਦੇ ਮੁਸਲਿਮ ਯੂਟਿਊਬਰ ਖਾਲਿਦ ਅਲ ਅਮੇਰੀ ਨਾਲ ਵਿਆਹ ਕਰੇਗੀ।ਖ਼ਬਰ ਹੈ ਕਿ ਦੋਵੇਂ ਜਲਦ ਹੀ ਆਪਣੇ ਰਿਸ਼ਤੇ ਨੂੰ ਨਾਮ ਦੇਣ ਵਾਲੇ ਹਨ। ਸੁਨੈਨਾ ਨੇ ਇੱਕ ਫੋਟੋ ਸ਼ੇਅਰ ਕੀਤੀ ਹੈ ਜਿਸ 'ਚ ਦੋ ਹੱਥ ਇੱਕ ਦੂਜੇ ਨੂੰ ਫੜੇ ਹੋਏ ਨਜ਼ਰ ਆ ਰਹੇ ਹਨ। ਇੱਕ ਹੱਥ ਸੁਨੈਨਾ ਦਾ ਸੀ ਅਤੇ ਦੂਜਾ ਕਿਸੇ ਵਿਅਕਤੀ ਦਾ। ਹੁਣ ਉਸ ਵਿਅਕਤੀ ਦਾ ਨਾਂ ਵੀ ਸਾਹਮਣੇ ਆਇਆ ਹੈ। ਕਿਹਾ ਜਾ ਰਿਹਾ ਹੈ ਕਿ ਉਹ ਕੋਈ ਹੋਰ ਨਹੀਂ ਸਗੋਂ ਖਾਲਿਦ ਅਲ ਅਮੇਰੀ ਹੈ ਜਿਸ ਨਾਲ ਸੁਨੈਨਾ ਨੇ 5 ਜੂਨ ਨੂੰ ਮੰਗਣੀ ਕੀਤੀ ਹੈ। ਸੁਨੈਨਾ ਦੀ ਫੋਟੋ ਸ਼ੇਅਰ ਕਰਨ ਤੋਂ ਬਾਅਦ 26 ਜੂਨ ਨੂੰ ਖਾਲਿਦ ਨੇ ਵੀ ਆਪਣੇ ਇੰਸਟਾਗ੍ਰਾਮ 'ਤੇ ਅਜਿਹੀ ਹੀ ਤਸਵੀਰ ਸ਼ੇਅਰ ਕੀਤੀ ਹੈ। ਇਸ ਫੋਟੋ ਵਿੱਚ ਵੀ ਦੋ ਹੱਥਾਂ ਨੇ ਇੱਕ ਦੂਜੇ ਨੂੰ ਫੜਿਆ ਹੋਇਆ ਸੀ ਅਤੇ ਕੁੜੀ ਦੀ ਉਂਗਲੀ ਵਿੱਚ ਹੀਰੇ ਦੀ ਮੁੰਦਰੀ ਸੀ। ਸੁਨੈਨਾ ਨੂੰ ਵੀ ਇਹ ਪਸੰਦ ਆਇਆ। ਉਦੋਂ ਤੋਂ ਖਬਰ ਹੈ ਕਿ ਸੁਨੈਨਾ ਅਤੇ ਖਾਲਿਦ ਜਲਦ ਹੀ ਵਿਆਹ ਕਰਨ ਜਾ ਰਹੇ ਹਨ। ਉਹ ਲੰਬੇ ਸਮੇਂ ਤੋਂ ਇੱਕ ਦੂਜੇ ਦੇ ਪਿਆਰ ਵਿੱਚ ਹਨ ਅਤੇ ਹੁਣ ਆਪਣੇ ਰਿਸ਼ਤੇ ਨੂੰ ਨਾਮ ਦੇ ਰਹੇ ਹਨ।YouTuber ਖਾਲਿਦ ਅਲ ਅਮੇਰੀ ਪਹਿਲਾਂ ਵੀ ਵਿਆਹ ਕਰ ਚੁੱਕੇ ਹਨ। ਉਸ ਦੀ ਸਾਬਕਾ ਪਤਨੀ ਨੇ ਖੁਦ ਆਪਣੇ ਤਲਾਕ ਦੀ ਪੁਸ਼ਟੀ ਕੀਤੀ ਹੈ ਕਿ ਅਸੀਂ ਦੋਵੇਂ 14 ਫਰਵਰੀ ਨੂੰ ਇੱਕ ਦੂਜੇ ਤੋਂ ਵੱਖ ਹੋ ਗਏ ਹਾਂ। ਤੁਹਾਨੂੰ ਦੱਸ ਦੇਈਏ, ਖਾਲਿਦ ਅਲ ਅਮੇਰੀ ਅਤੇ ਉਨ੍ਹਾਂ ਦੀ ਪਹਿਲੀ ਪਤਨੀ ਸਲਮਾ ਮੁਹੰਮਦ ਨੂੰ ਮੱਧ ਪੂਰਬ ਦੇ ਸਭ ਤੋਂ ਮਸ਼ਹੂਰ ਪ੍ਰਭਾਵਕ ਜੋੜਿਆਂ ਵਿੱਚ ਗਿਣਿਆ ਜਾਂਦਾ ਸੀ। ਦੋਵਾਂ ਦੇ ਸੋਸ਼ਲ ਮੀਡੀਆ 'ਤੇ ਲੱਖਾਂ ਫਾਲੋਅਰਜ਼ ਹਨ। ਹੁਣ ਯੂਟਿਊਬਰ ਪ੍ਰਸਿੱਧ ਤਾਮਿਲ ਅਦਾਕਾਰਾ ਸੁਨੈਨਾ ਨਾਲ ਵਿਆਹ ਕਰਨ ਨੂੰ ਲੈ ਕੇ ਸੁਰਖੀਆਂ 'ਚ ਹੈ।


# ਮੂਸੇਵਾਲਾ ਨਾਲ ਵਿਵਾਦਾਂ 'ਚ ਰਹਿਣ ਵਾਲੇ ਕਰਨ ਔਜਲਾ ਦੀ ਬਾਲੀਵੁੱਡ 'ਚ ਐਂਟਰੀ,



ਗਾਇਕ ਕਰਨ ਔਜਲਾ ਦੇ ਗੀਤ Softly ਨੂੰ ਬਾਲੀਵੁੱਡ ਦੇ ਸਟਾਰਸ ਨੇ ਖੂਬ ਪਸੰਦ ਕੀਤਾ, ਇਸ ਲਿਸਟ 'ਚ ਵਿੱਕੀ ਕੌਸ਼ਲ ਦਾ ਨਾਂ ਵੀ ਸ਼ਾਮਲ ਹੈ। ਖਾਸ ਗੱਲ ਇਹ ਹੈ ਕਿ ਇਸ ਗਾਣੇ ਤੋਂ ਪ੍ਰਭਾਵਿਤ ਹੋ ਕੇ ਵਿੱਕੀ ਨੇ ਕਰਨ ਨਾਲ ਇੱਕ ਗਾਣਾ ਬਣਾਇਆ ਹੈ। ਖ਼ਬਰਾਂ ਮੁਤਾਬਕ, ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਸਟਾਰਰ ਕਾਮੇਡੀ ਫ਼ਿਲਮ 'ਬੈਡ ਨਿਊਜ਼' 'ਚ ਕਰਨ ਔਜਲਾ ਨੂੰ ਪਹਿਲੀ ਵਾਰ ਕੰਮ ਕਰਨ ਦਾ ਮੌਕਾ ਮਿਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕਰਨ ਵਿੱਕੀ ਨਾਲ ਆਪਣਾ ਪਹਿਲਾ ਬਾਲੀਵੁੱਡ ਚਾਰਟਬਸਟਰ ਲਾਂਚ ਕਰਨ ਲਈ ਤਿਆਰ ਹਨ। ਜਿਸ ਗੀਤ 'ਤੇ ਵਿੱਕੀ ਅਤੇ ਕਰਨ ਆਨੰਦ ਤਿਵਾਰੀ ਦੀ ਫ਼ਿਲਮ ਲਈ ਇਕੱਠੇ ਕੰਮ ਕਰ ਰਹੇ ਹਨ। ਇਹ ਗੀਤ ਪਾਰਟੀ ਨੰਬਰ ਹੈ, ਜਿਸ ਦਾ ਟੀਜ਼ਰ ਰਿਲੀਜ਼ ਕਰ ਦਿੱਤਾ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਸਿੱਧੂ ਮੂਸੇਵਾਲਾ ਅਤੇ ਕਰਨ ਔਜਲਾ ਵਿਚਾਲੇ ਪਹਿਲਾਂ ਵੀ ਜ਼ਬਰਦਸਤ ਟੱਕਰ ਸੀ। ਉਨ੍ਹਾਂ ਦਾ ਝਗੜਾ 2017 'ਚ ਉਦੋਂ ਸ਼ੁਰੂ ਹੋਇਆ ਜਦੋਂ ਸਿੱਧੂ ਨੇ ਕਰਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਵੀਡੀਓ ਲੀਕ ਕੀਤਾ। ਹਾਲਾਂਕਿ ਇਸ ਦੌਰਾਨ ਦੋਵਾਂ ਨੇ ਆਪਣੇ ਵਿਚਾਲੇ ਝਗੜੇ ਨੂੰ ਸੁਲਝਾ ਲਿਆ ਸੀ ਪਰ ਇਸ ਦੀ ਸ਼ੁਰੂਆਤ ਸਿੱਧੂ ਦੇ ਨਿਰਦੇਸ਼ਨ 'ਚ ਔਜਲਾ ਦੇ ਡਿਸਟ ਟ੍ਰੈਕ 'ਲਿਫਾਫੇ' ਨਾਲ ਹੋਈ। 'ਬੈਡ ਨਿਊਜ਼' ਦੀ ਗੱਲ ਕਰੀਏ ਤਾਂ ਫ਼ਿਲਮ 'ਚ ਤ੍ਰਿਪਤੀ ਡਿਮਰੀ ਅਤੇ ਵਿੱਕੀ ਕੌਸ਼ਲ ਦੇ ਨਾਲ ਐਮੀ ਵਿਰਕ ਵੀ ਨਜ਼ਰ ਆਉਣਗੇ। ਫ਼ਿਲਮ ਦੀ ਕਹਾਣੀ ਵੀ ਇਨ੍ਹਾਂ ਤਿੰਨਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਫ਼ਿਲਮ ਦੀ ਕਹਾਣੀ ਦੀ ਝਲਕ ਹਾਲ ਹੀ 'ਚ ਰਿਲੀਜ਼ ਹੋਏ ਟਰੇਲਰ 'ਚ ਦੇਖਣ ਨੂੰ ਮਿਲੀ, ਜਿਸ 'ਚ ਤ੍ਰਿਪਤੀ ਨੂੰ ਗਰਭਵਤੀ ਦਿਖਾਇਆ ਗਿਆ ਹੈ। 'ਬੈਡ ਨਿਊਜ਼' ਤੋਂ ਇਲਾਵਾ ਵਿੱਕੀ ਕੋਲ ਪੀਰੀਅਡ ਡਰਾਮਾ ਫ਼ਿਲਮ 'ਛਾਵਾਂ' ਵੀ ਹੈ। ਇਸ ਦਾ ਨਿਰਦੇਸ਼ਨ ਲਕਸ਼ਮਣ ਉਟੇਕਰ ਨੇ ਕੀਤਾ ਹੈ ਅਤੇ ਉਹ ਇਸ 'ਚ ਰਸ਼ਮਿਕਾ ਮੰਦਾਨਾ ਨਾਲ ਨਜ਼ਰ ਆਉਣਗੇ। ਉਹ ਸੰਜੇ ਲੀਲਾ ਭੰਸਾਲੀ ਦੀ ਫ਼ਿਲਮ 'ਲਵ ਐਂਡ ਵਾਰ' 'ਚ ਵੀ ਕੰਮ ਕਰਨ ਜਾ ਰਹੇ ਹਨ।

# ਮਲਾਇਕਾ ਅਰੋੜਾ ਨਾਲ ਬ੍ਰੇਕਅੱਪ ਦੀਆਂ ਖ਼ਬਰਾਂ ਵਿਚਾਲੇ ਅਰਜੁਨ ਕਪੂਰ ਨੇ ਲਿਖੀ ਦਰਦ ਭਰੀ ਪੋਸਟ





ਅਰਜੁਨ ਕਪੂਰ ਅਤੇ ਮਲਾਇਕਾ ਅਰੋੜਾ ਪਿਛਲੇ ਕੁਝ ਦਿਨਾਂ ਤੋਂ ਆਪਣੇ ਬ੍ਰੇਕਅੱਪ ਦੀਆਂ ਖਬਰਾਂ ਕਾਰਨ ਸੁਰਖੀਆਂ 'ਚ ਹਨ। ਹਾਲ ਹੀ 'ਚ ਅਰਜੁਨ ਕਪੂਰ ਦਾ ਜਨਮਦਿਨ ਸੀ ਪਰ ਮਲਾਇਕਾ ਨੇ ਸੋਸ਼ਲ ਮੀਡੀਆ 'ਤੇ ਕੋਈ ਵੀ ਪੋਸਟ ਪਾ ਕੇ ਅਦਾਕਾਰ ਨੂੰ ਸ਼ੁਭਕਾਮਨਾਵਾਂ ਨਹੀਂ ਦਿੱਤੀਆਂ। ਇਸ ਤੋਂ ਇਲਾਵਾ ਦੋਵੇਂ ਸੋਸ਼ਲ ਮੀਡੀਆ 'ਤੇ ਕ੍ਰਿਪਟਿਕ ਪੋਸਟਾਂ ਪਾ ਕੇ ਵੀ ਆਪਣਾ ਦਰਦ ਬਿਆਨ ਕਰ ਰਹੇ ਹਨ। ਇਸ ਦੌਰਾਨ ਅਰਜੁਨ ਕਪੂਰ ਨੇ ਇੱਕ ਹੋਰ ਪੋਸਟ ਸ਼ੇਅਰ ਕੀਤੀ ਹੈ, ਜਿਸ 'ਚ ਉਨ੍ਹਾਂ ਦੇ ਬ੍ਰੇਕਅੱਪ ਦਾ ਦਰਦ ਭਰਿਆ ਹੋਇਆ ਹੈ।ਅਰਜੁਨ ਕਪੂਰ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਸਟੋਰੀ ਸ਼ੇਅਰ ਕੀਤੀ ਹੈ, ਜੋ ਹੁਣ ਵਾਇਰਲ ਹੋ ਰਹੀ ਹੈ। ਇਸ 'ਚ ਅਰਜੁਨ ਨੇ ਪਛਤਾਵੇ ਦੇ ਦਰਦ ਦੀ ਤੁਲਨਾ ਅਨੁਸ਼ਾਸਨ ਦੇ ਦਰਦ ਨਾਲ ਕੀਤੀ ਹੈ। ਉਨ੍ਹਾਂ ਨੇ ਜੋ ਪੋਸਟ ਸ਼ੇਅਰ ਕੀਤੀ ਹੈ, ਉਸ 'ਚ ਲਿਖਿਆ ਹੈ, 'ਅਨੁਸ਼ਾਸਨ ਦਾ ਦਰਦ ਪਛਤਾਵੇ ਦੇ ਦਰਦ ਤੋਂ ਬਿਹਤਰ ਹੈ।' ਅਰਜੁਨ ਦੀ ਇਸ ਪੋਸਟ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਹਾਲਾਂਕਿ ਉਨ੍ਹਾਂ ਨੇ ਇਸ 'ਚ ਕਿਸੇ ਨੂੰ ਵੀ ਟੈਗ ਨਹੀਂ ਕੀਤਾ ਹੈ ਪਰ ਸੋਸ਼ਲ ਮੀਡੀਆ ਯੂਜ਼ਰਸ ਅਦਾਕਾਰ ਦੀ ਇਸ ਪੋਸਟ ਨੂੰ ਮਲਾਇਕਾ ਅਰੋੜਾ ਨਾਲ ਬ੍ਰੇਕਅੱਪ ਨਾਲ ਜੋੜ ਰਹੇ ਹਨ।ਮਲਾਇਕਾ ਅਰੋੜਾ ਅਤੇ ਅਰਜੁਨ ਕਪੂਰ ਪਿਛਲੇ 5 ਸਾਲਾਂ ਤੋਂ ਇਕੱਠੇ ਸਨ। ਪਰ ਹੁਣ ਅਚਾਨਕ ਦੋਹਾਂ ਦਾ ਬ੍ਰੇਕਅੱਪ ਹੋ ਗਿਆ। ਜੋੜੇ ਦੇ ਪ੍ਰਸ਼ੰਸਕ ਇਸ ਖਬਰ ਤੋਂ ਬਹੁਤ ਪਰੇਸ਼ਾਨ ਅਤੇ ਦੁਖੀ ਹਨ ਕਿਉਂਕਿ ਉਹ ਉਨ੍ਹਾਂ ਨੂੰ ਵਿਆਹ ਕਰਦੇ ਦੇਖਣਾ ਚਾਹੁੰਦੇ ਸਨ।

# ਦਿਸ਼ਾ ਪਟਾਨੀ ਦੇ ਟੈਟੂ ਨੇ ਉਡਾਈ ਫੈਨਜ਼ ਦੀ ਨੀਂਦ




ਅਦਾਕਾਰਾ ਦਿਸ਼ਾ ਪਟਾਨੀ ਅਕਸਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੀ ਹੈ। ਇਸ ਵਾਰ ਵੀ ਕੁਝ ਅਜਿਹਾ ਹੀ ਹੋਇਆ ਹੈ, ਦਿਸ਼ਾ ਪਟਾਨੀ ਦਾ ਪਹਿਲੀ ਅਫਵਾਹ ਪ੍ਰੇਮੀ ਟਾਈਗਰ ਸ਼ਰਾਫ ਸੀ। ਦੋਹਾਂ ਨੇ ਲੰਬੇ ਸਮੇਂ ਤੋਂ ਇਕ-ਦੂਜੇ ਨੂੰ ਡੇਟ ਕੀਤਾ ਸੀ। ਦੋਹਾਂ ਦੇ ਵਿਆਹ ਦੀਆਂ ਗੱਲਾਂ ਚੱਲ ਰਹੀਆਂ ਸਨ, ਫਿਰ ਅਚਾਨਕ ਦੋਵੇਂ ਵੱਖ ਹੋ ਗਏ। ਇਸ ਤੋਂ ਬਾਅਦ ਦਿਸ਼ਾ ਦਾ ਨਾਂ ਹਾਰਦਿਕ ਪੰਡਯਾ ਦੀ ਪਤਨੀ ਨਤਾਸ਼ਾ ਸਟੈਨਕੋਵਿਚ ਦੇ ਭਰਾ ਅਲੈਗਜ਼ੈਂਡਰ ਅਲੀਕ ਨਾਲ ਜੋੜਿਆ ਜਾਣ ਲੱਗਾ। ਅਜਿਹੇ 'ਚ ਦਿਸ਼ਾ ਪਟਾਨੀ ਦਾ ਟੈਟੂ ਇੱਕ ਰਹੱਸ ਬਣਦਾ ਜਾ ਰਿਹਾ ਹੈ। ਕਿਉਂਕਿ ਇਸ ਟੈਟੂ ਦਾ ਪੂਰਾ ਰੂਪ ਹੀ ਅਜੀਬ ਲੱਗਦਾ ਹੈ। ਇਸ ਨੂੰ ਦੇਖ ਕੇ ਪ੍ਰਸ਼ੰਸਕ ਵੀ ਪਰੇਸ਼ਾਨ ਹੋ ਰਹੇ ਹਨ।ਰੇਡਿਟ 'ਤੇ ਦਿਸ਼ਾ ਪਟਾਨੀ ਦੀ ਇਕ ਫੋਟੋ ਵਾਇਰਲ ਹੋ ਰਹੀ ਹੈ। ਇਸ 'ਚ ਉਸ ਦੇ ਹੱਥ 'ਤੇ ਇਕ ਟੈਟੂ ਨਜ਼ਰ ਆ ਰਿਹਾ ਹੈ। ਇਸ ਫੋਟੋ 'ਚ ਅਦਾਕਾਰਾ ਦੇ ਹੱਥ 'ਤੇ 'PD' ਅੱਖਰ ਲਿਖਿਆ ਨਜ਼ਰ ਆ ਰਿਹਾ ਹੈ। ਹੁਣ ਯੂਜ਼ਰਸ ਉਸ ਨੂੰ 'ਕਲਕੀ 2898 ਏ. ਡੀ. ਅਜਿਹੇ 'ਚ ਉਨ੍ਹਾਂ ਦੇ ਪ੍ਰਸ਼ੰਸਕ ਖੁਦ ਅਦਾਕਾਰਾ ਤੋਂ ਇਸ ਦਾ ਮਤਲਬ ਪੁੱਛ ਰਹੇ ਹਨ। ਆਖ਼ਰਕਾਰ, ਅਦਾਕਾਰਾ ਨੇ ਆਪਣੇ ਹੱਥਾਂ 'ਤੇ ਕਿਸ ਦਾ ਨਾਮ ਲਿਖਿਆ ਹੈ?ਦਿਸ਼ਾ ਦਾ ਨਾਂ ਪ੍ਰਭਾਸ ਨਾਲ ਵੀ ਜੋੜ ਰਹੇ ਹਨ ਕਿਉਂਕਿ ਦਿਸ਼ਾ ਨੇ ਪ੍ਰਭਾਸ ਦੀ ਨਵੀਂ ਫਿਲਮ 'ਕਲਕੀ 2898 ਏ. ਡੀ.' 'ਚ ਉਨ੍ਹਾਂ ਨਾਲ ਕੰਮ ਕੀਤਾ ਹੈ, ਇਸ ਲਈ ਉਨ੍ਹਾਂ ਦਾ ਕਹਿਣਾ ਹੈ ਕਿ ਸ਼ਾਇਦ ਇਸ ਫ਼ਿਲਮ ਰਾਹੀਂ ਦੋਵੇਂ ਇੱਕ ਦੂਜੇ ਦੇ ਨੇੜੇ ਆ ਗਏ ਹਨ ਅਤੇ ਡੇਟਿੰਗ ਸ਼ੁਰੂ ਕਰ ਦਿੱਤੀ ਹੈ। ਨਹੀਂ ਤਾਂ ਉਸ ਦਾ ਨਾਂ ਪਿੱਛੇ ਕੌਣ ਲਿਖਵਾਏਗਾ? ਦਿਸ਼ਾ ਪਟਾਨੀ ਦੇ ਟੈਟੂ ਦਾ ਅਸਲੀ ਮਤਲਬ ਜਾਣਨ ਲਈ ਹਰ ਕੋਈ ਬੇਤਾਬ ਹੈ।

# ਜਯਾ ਬੱਚਨ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ



ਸਮਾਜਵਾਦੀ ਪਾਰਟੀ ਦੀ ਮੈਂਬਰ ਜਯਾ ਬੱਚਨ ਨੂੰ ਸੋਮਵਾਰ ਨੂੰ ਰਾਜ ਸਭਾ ਦੀ ਮੈਂਬਰੀ ਦੀ ਸਹੁੰ ਚੁਕਾਈ ਗਈ। ਉਪਰਲੇ ਸਦਨ ਦੀ ਮੀਟਿੰਗ ਦੀ ਸ਼ੁਰੂਆਤ ਵਿਚ ਚੇਅਰਮੈਨ ਜਗਦੀਪ ਧਨਖੜ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਚੈਂਬਰ ਦੇ ਮੁਤਾਬਕ ਸਹੁੰ ਚੁੱਕੀ।ਉਨ੍ਹਾਂ ਕਿਹਾ ਕਿ ਸਹੁੰ ਲਈ ਨਿਰਧਾਰਤ ਸ਼ਬਦਾਂ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ ਅਤੇ ਇਸਦੀ ਸ਼ੁਰੂਆਤ ਜਾਂ ਆਖਿਰ ਵਿਚ ਵਾਧੂ ਸ਼ਬਦਾਂ ਜਾਂ ਵਾਕਾਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਹੈ। ਚੇਅਰਮੈਨ ਦਾ ਇਸ਼ਾਰਾ ਸ਼ਾਇਦ ਕੁਝ ਮੈਂਬਰਾਂ ਵੱਲ ਸੀ ਜੋ ਸਹੁੰ ਚੁੱਕਣ ਤੋਂ ਬਾਅਦ ਸਦਨ ਵਿਚ ਵੱਖ-ਵੱਖ ਨਾਅਰੇ ਲਗਾਉਂਦੇ ਹਨ।

# ਅਮਰਿੰਦਰ ਗਿੱਲ ਨੇ ਸਾਂਝੀ ਕੀਤੀ ਛੋਟੀ ਬੱਚੀ ਨਾਲ ਤਸਵੀਰ!



ਪੰਜਾਬੀ ਗਾਇਕ ਅਮਰਿੰਦਰ ਗਿੱਲ ਕਿਸੇ ਪਛਾਣ ਦੇ ਮੋਹਤਾਜ ਨਹੀਂ ਹਨ। ਉਨ੍ਹਾਂ ਆਪਣੀ ਗਾਇਕੀ ਦੇ ਨਾਲ-ਨਾਲ ਸੁਰੀਲੀ ਆਵਾਜ਼ ਨਾਲ ਪ੍ਰਸ਼ੰਸਕਾਂ ਨੂੰ ਕਾਇਲ ਕੀਤਾ ਹੈ। ਹਾਲ ਹੀ 'ਚ ਅਮਰਿੰਦਰ ਗਿੱਲ ਨੇ ਆਪਣੇ ਸੋਸ਼ਲ ਮੀਡੀਆ 'ਤੇ ਇੰਸਟਾਗ੍ਰਾਮ ਦੀ ਸਟੋਰੀ 'ਚ ਇੱਕ ਬੱਚੀ ਦੀ ਤਸਵੀਰ ਸ਼ੇਅਰ ਕੀਤੀ ਹੈ, ਜਿਸ ਨੂੰ ਵੇਖ ਕੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਲਾਕਾਰ ਦੀ ਧੀ ਹੈ। ਹਾਲਾਂਕਿ ਅਮਰਿੰਦਰ ਗਿੱਲ ਵੱਲੋਂ ਇਸ ਦੀ ਕੋਈ ਪੁਸ਼ਟੀ ਨਹੀਂ ਕੀਤੀ ਗਈ ਹੈ।ਦੱਸ ਦੇਈਏ ਕਿ ਅਮਰਿੰਦਰ ਗਿੱਲ ਨੇ ਬੱਚੀ ਦਾ ਸੋਸ਼ਲ ਮੀਡੀਆ ਅਕਾਊਂਟ ਵੀ ਟੈਗ ਕੀਤਾ ਹੈ। ਇਸ ਤੋਂ ਬਾਅਦ ਇਹ ਵੀ ਕਿਆਸ ਲਗਾਏ ਜਾ ਰਹੇ ਹਨ ਕਲਾਕਾਰ ਧੀ ਨੂਰ ਨੂੰ ਕਿਸੇ ਫ਼ਿਲਮ 'ਚ ਲੈ ਕੇ ਆਉਣ ਵਾਲੇ ਹਨ। ਜਲਦ ਹੀ ਪਿਓ ਧੀ ਇਕੱਠੇ ਕਿਸੇ ਫ਼ਿਲਮ 'ਚ ਵਿਖਾਈ ਦੇਣਗੇ। ਹਾਲਾਂਕਿ ਜਿਸ ਤਰੀਕੇ ਨਾਲ ਅਮਰਿੰਦਰ ਗਿੱਲ ਵੱਲੋਂ ਬੱਚੀ ਦੀਆਂ ਤਸਵੀਰਾਂ ਅਤੇ ਪ੍ਰੋਫਾਈਲ ਸ਼ੇਅਰ ਕੀਤੀ ਗਈ ਹੈ, ਇਸ ਤੋਂ ਇਹ ਤਾਂ ਸਾਫ ਹੋ ਗਿਆ ਹੈ ਕਿ ਕਲਾਕਾਰ ਜਲਦ ਹੀ ਫੈਨਜ਼ ਨੂੰ ਕੋਈ ਸਰਪ੍ਰਾਈਜ਼ ਦੇਣ ਵਾਲੇ ਹਨ। ਹਾਲਾਂਕਿ ਗਾਇਕ ਨੇ ਆਪਣੇ ਨਾਂ ਜਗਰੂਪ ਅਤੇ ਨੂਰ ਤਸਵੀਰ ਦੀ ਕੈਪਸ਼ਨ 'ਚ ਵੀ ਲਿਖਿਆ ਹੈ।


ਵਰਕਫਰੰਟ ਦੀ ਗੱਲ ਕਰਿਏ ਤਾਂ ਐਲਬਮ 'ਜੁਦਾ 3' ਚੈਪਟਰ 2 ਦੇ ਕਈ ਗੀਤ ਰਿਲੀਜ਼ ਹੋ ਚੁੱਕੇ ਹਨ, ਜਿਨ੍ਹਾਂ ਨੂੰ ਫੈਨਜ਼ ਵੱਲੋਂ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਰਿਲੀਜ਼ ਹੁੰਦੇ ਹੀ ਫੈਨਜ਼ ਗਾਇਕ ਦੇ ਗੀਤਾਂ ਨੂੰ ਰੱਜ ਕੇ ਪਿਆਰ ਦੇ ਰਹੇ ਹਨ। ਇੱਕ ਸਫ਼ਲ ਸੰਗੀਤ ਕਰੀਅਰ ਹੋਣ ਦੇ ਨਾਲ-ਨਾਲ ਅਮਰਿੰਦਰ ਗਿੱਲ ਨੇ ਫ਼ਿਲਮਾਂ 'ਚ ਆਪਣਾ ਕਰੀਅਰ ਸ਼ੁਰੂ ਕੀਤਾ ਅਤੇ 'ਡੈਡੀ ਕੂਲ ਮੁੰਡੇ ਫੂਲ', 'ਗੋਰੀਆਂ ਨੂੰ ਦਫਾ ਕਰੋ' ਵਰਗੀਆਂ ਫ਼ਿਲਮਾਂ ਲਈ ਸਫ਼ਲ ਹੋਏ। ਉਨ੍ਹਾਂ ਦੀਆਂ ਦੋ ਪੰਜਾਬੀ ਫ਼ਿਲਮਾਂ 'ਅੰਗਰੇਜ਼' ਅਤੇ 'ਚਲ ਮੇਰਾ ਪੁੱਤ ਨੇ' ਵਿਸ਼ਵ ਪੱਧਰ 'ਤੇ 30 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ।

# ਗਾਇਕ ਕਰਨ ਔਜਲਾ ਤੇ ਵਿੱਕੀ ਕੌਸ਼ਲ ਨੇ ਮਿਲ ਕੇ ਪਾਇਆ ਭੰਗੜਾ



ਗਾਇਕ ਕਰਨ ਔਜਲਾ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਦਰਅਸਲ, ਇਸ ਵੀਡੀਓ 'ਚ ਕਰਨ ਔਜਲਾ ਬਾਲੀਵੁੱਡ ਅਦਾਕਾਰ ਵਿੱਕੀ ਕੌਸ਼ਲ ਨਾਲ ਨਜ਼ਰ ਆ ਰਹੇ ਹਨ।ਇਸ ਦੌਰਾਨ ਦੋਵੇਂ ਇਕ ਗੀਤ 'ਚ ਡਾਂਸ ਕਰਦੇ ਦਿਖਾਈ ਦੇ ਰਹੇ ਹਨ ਅਤੇ ਇਸ ਦੌਰਾਨ ਉਹ ਕਾਫ਼ੀ ਮਸਤੀ ਵੀ ਕਰਦੇ ਹਨ।ਇਸ ਦੀਆਂ ਕੁਝ ਤਸਵੀਰਾਂ ਵੀਡੀਓ 'ਚ ਕਲਿੱਕ ਕੀਤੀਆਂ ਗਈਆਂ ਹਨ, ਜੋ ਤੁਹਾਨੂੰ ਖ਼ਬਰ 'ਚ ਦਿਖਾਉਣ ਜਾ ਰਹੇ ਹਾਂ।

## ਅਡਾਨੀ ਮਾਮਲੇ 'ਚ Hindenburg 'ਤੇ SEBI ਦੀ ਕਾਰਵਾਈ,




ਸੇਬੀ ਨੇ ਅਮਰੀਕੀ ਵਿੱਤੀ ਖੋਜ ਕੰਪਨੀ ਹਿੰਡਨਬਰਗ ਰਿਸਰਚ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਅਡਾਨੀ ਗਰੁੱਪ ਦੇ ਸ਼ੇਅਰਾਂ 'ਤੇ ਸੱਟੇਬਾਜ਼ੀ ਦੀ ਕਥਿਤ ਉਲੰਘਣਾ 'ਤੇ ਜਾਰੀ ਕੀਤਾ ਗਿਆ ਹੈ। ਹਿੰਡਨਬਰਗ ਨੇ ਅਡਾਨੀ ਗਰੁੱਪ 'ਤੇ ਸਟਾਕ ਹੇਰਾਫੇਰੀ ਦਾ ਦੋਸ਼ ਲਗਾਇਆ ਸੀ। ਹਿੰਡਨਬਰਗ ਨੇ ਸੇਬੀ ਤੋਂ ਨੋਟਿਸ ਮਿਲਣ ਦੀ ਜਾਣਕਾਰੀ ਦਿੱਤੀ ਹੈ। ਹਾਲਾਂਕਿ, ਹਿੰਡਨਬਰਗ ਨੇ ਇਸ ਨੋਟਿਸ 'ਤੇ ਨਾਰਾਜ਼ਗੀ ਪ੍ਰਗਟਾਈ ਹੈ ਅਤੇ ਦੋਸ਼ ਲਗਾਇਆ ਹੈ ਕਿ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦਾ ਪਰਦਾਫਾਸ਼ ਕਰਨ ਵਾਲਿਆਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਹਿੰਡਨਬਰਗ ਨੇ ਲਗਾਏ ਦੋਸ਼
ਹਿੰਡਨਬਰਗ ਨੇ ਕਿਹਾ ਕਿ ਉਸ ਨੂੰ 27 ਜੂਨ ਨੂੰ ਸੇਬੀ ਤੋਂ ਇੱਕ ਈਮੇਲ ਮਿਲੀ ਸੀ ਅਤੇ ਬਾਅਦ ਵਿੱਚ ਭਾਰਤੀ ਨਿਯਮਾਂ ਦੀ ਸ਼ੱਕੀ ਉਲੰਘਣਾ ਦੀ ਰੂਪਰੇਖਾ ਵਾਲਾ ਕਾਰਨ ਦੱਸੋ ਨੋਟਿਸ ਮਿਲਿਆ ਸੀ। ਹਿੰਡਨਬਰਗ ਨੇ ਕਿਹਾ ਕਿ 'ਅੱਜ ਤੱਕ ਅਡਾਨੀ ਸਮੂਹ ਸਾਡੀਆਂ ਰਿਪੋਰਟਾਂ 'ਚ ਲੱਗੇ ਦੋਸ਼ਾਂ ਦਾ ਜਵਾਬ ਦੇਣ 'ਚ ਅਸਫਲ ਰਿਹਾ ਹੈ। ਦਿੱਤਾ ਗਿਆ ਜਵਾਬ ਸਾਡੇ ਦੁਆਰਾ ਉਠਾਏ ਗਏ ਮੁੱਖ ਮੁੱਦੇ ਨੂੰ ਨਜ਼ਰਅੰਦਾਜ਼ ਕਰਦਾ ਹੈ। ਫਰਮ ਨੇ ਜਨਵਰੀ 2023 ਦੀ ਰਿਪੋਰਟ ਵਿੱਚ ਕਿਹਾ ਕਿ ਗੌਤਮ ਅਡਾਨੀ ਅਤੇ ਉਸਦੇ ਭਰਾ ਵਿਨੋਦ ਅਡਾਨੀ ਅਤੇ ਨਜ਼ਦੀਕੀ ਸਹਿਯੋਗੀਆਂ ਦੁਆਰਾ ਸ਼ੈੱਲ ਕੰਪਨੀਆਂ ਦਾ ਇੱਕ ਮਜ਼ਬੂਤ ਨੈਟਵਰਕ ਬਣਾਇਆ ਗਿਆ ਹੈ। ਅਸੀਂ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਇਨ੍ਹਾਂ ਸ਼ੈੱਲ ਕੰਪਨੀਆਂ ਜ਼ਰੀਏ ਅਰਬਾਂ ਡਾਲਰ ਦਾ ਘਪਲਾ ਕੀਤਾ ਗਿਆ।
ਮੀਡੀਆ ਰਿਪੋਰਟਾਂ ਅਨੁਸਾਰ, ਹਿੰਡਨਬਰਗ ਰਿਸਰਚ ਨੇ ਕਿਹਾ ਹੈ ਕਿ 'ਉਹ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਤਹਿਤ ਇੱਕ ਅਰਜ਼ੀ ਦਾਇਰ ਕਰੇਗੀ, ਜਿਸ ਵਿੱਚ ਸੇਬੀ ਦੇ ਉਨ੍ਹਾਂ ਕਰਮਚਾਰੀਆਂ ਦੇ ਨਾਮ ਮੰਗੇ ਜਾਣਗੇ ਜੋ ਅਡਾਨੀ ਅਤੇ ਹਿੰਡਨਬਰਗ ਮਾਮਲੇ 'ਤੇ ਕੰਮ ਕਰ ਰਹੇ ਸਨ।' ਹਿੰਡਨਬਰਗ ਨੇ ਸੇਬੀ ਅਤੇ ਅਡਾਨੀ ਅਤੇ ਇਸ ਦੇ ਵੱਖ-ਵੱਖ ਨੁਮਾਇੰਦਿਆਂ ਵਿਚਕਾਰ ਮੀਟਿੰਗਾਂ ਅਤੇ ਕਾਲਾਂ ਦੇ ਵੇਰਵੇ ਵੀ ਮੰਗੇ ਹਨ।

## ਚੋਣ ਨਤੀਜਿਆਂ ਨੂੰ ਪਲਟਣ ਦੇ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਡੋਨਾਲਡ ਟਰੰਪ ਨੂੰ ਰਾਹਤ



ਅਮਰੀਕਾ ਦੇ ਸੁਪਰੀਮ ਨੇ ਸੋਮਵਾਰ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਮੁਕੱਦਮੇ ਤੋਂ ਛੋਟ ਨਾਲ ਜੁੜੇ ਮਾਮਲੇ ਨੂੰ ਸੁਣਵਾਈ ਲਈ ਹੇਠਲੀ ਅਦਾਲਤ 'ਚ ਭੇਜ ਦਿੱਤਾ ਹੈ। ਇਸ ਕਦਮ ਨਾਲ ਟਰੰਪ ਖ਼ਿਲਾਫ਼ ਵਾਸ਼ਿੰਗਟਨ ਅਪਰਾਧਕ ਮਾਮਲੇ 'ਚ ਸੁਣਵਾਈ ਲੰਬੀ ਖਿੱਚ ਸਕਦਾ ਹੈ ਅਤੇ ਇਸ ਤੋਂ ਇਹ ਸੰਭਾਵਨਾ ਖ਼ਤਮ ਹੋ ਗਈ ਹੈ ਕਿ ਸਾਬਕਾ ਰਾਸ਼ਟਰਪਤੀ 'ਤੇ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਟਰੰਪ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ 'ਚ ਆਪਣੀ ਹਾਰ ਨੂੰ ਪਲਟਣ ਦੀ ਸਾਜਿਸ਼ ਰਚੀ ਸੀ। ਜੱਜਾਂ ਨੇ 6-3 ਦੇ ਇਤਿਹਾਸਕ ਫ਼ੈਸਲੇ 'ਚ ਪਹਿਲੀ ਵਾਰ ਕਿਹਾ ਕਿ ਸਾਬਕਾ ਰਾਸ਼ਟਰਪਤੀਆਂ ਨੂੰ ਉਨ੍ਹਾਂ ਦੇ ਅਧਿਕਾਰਤ ਕੰਮਾਂ ਲਈ ਮੁਕੱਦਮੇ ਤੋਂ ਪੂਰੀ ਛੋਟ ਹੈ ਪਰ ਅਣਅਧਿਕਾਰਤ ਕੰਮਾਂ ਲਈ ਕੋਈ ਛੋਟ ਨਹੀਂ ਹੈ। ਹਾਲਾਂਕਿ ਜੱਜਾਂ ਨੇ ਹੇਠਲੀ ਅਦਾਲਤ ਨੂੰ ਆਦੇਸ਼ ਦਿੱਤਾ ਕਿ ਉਹ ਤੈਅ ਕਰਨ ਕਿ ਟਰੰਪ ਦੇ ਮਾਮਲੇ 'ਚ ਫ਼ੈਸਲੇ ਨੂੰ ਕਿਵੇਂ ਲਾਗੂ ਕੀਤਾ ਜਾਵੇ।
ਉੱਥੇ ਹੀ ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਸਾਬਕਾ ਰਾਸ਼ਟਰਪਤੀ ਨੇ ਕੁਝ ਵੀ ਗਲਤ ਕਰਨ ਤੋਂ ਇਨਕਾਰ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਇਹ ਮੁਕੱਦਮਾ ਅਤੇ ਤਿੰਨ ਹੋਰ ਮਾਮਲੇ ਉਨ੍ਹਾਂ ਨੂੰ ਵ੍ਹਾਈਟ ਹਾਊਸ 'ਚ ਵਾਪਸ ਆਉਣ ਤੋਂ ਰੋਕਣ ਲਈ ਰਾਜਨੀਤਕ ਰੂਪ ਨਾਲ ਪ੍ਰੇਰਿਤ ਹਨ। ਮਈ 'ਚ, ਟਰੰਪ ਨਿਊਯਾਰਕ ਦੀ ਅਦਾਲਤ 'ਚ ਇਕ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਵਾਲੇ ਪਹਿਲੇ ਸਾਬਕਾ ਰਾਸ਼ਟਰਪਤੀ ਬਣੇ। ਉਨ੍ਹਾਂ ਨੂੰ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਇਕ ਅਡਲਟ ਸਟਾਰ ਨੂੰ ਪੈਸੇ ਦਿੱਤੇ ਦੇ ਮਾਮਲੇ ਨੂੰ ਲੁਕਾਉਣ ਲਈ ਕਾਰੋਬਾਰੀ ਰਿਕਾਰਡ 'ਚ ਹੇਰਾਫੇਰੀ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਅਡਲਟ ਸਟਾਰ ਦਾ ਦਾਅਵਾ ਹੈ ਕਿ ਟਰੰਪ ਨੇ ਉਸ ਨਾਲ ਜਿਨਸੀ ਸੰਬੰਧ ਬਣਾਏ ਸਨ ਅਤੇ ਇਸ ਦਾ ਖ਼ੁਲਾਸਾ ਨਹੀਂ ਕਰਨ ਲਈ ਪੈਸੇ ਦਾ ਭੁਗਤਾਨ ਕੀਤਾ ਸੀ ਪਰ ਸਾਬਕਾ ਰਾਸ਼ਟਰਪਤੀ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਟਰੰਪ ਅਜੇ ਵੀ ਤਿੰਨ ਹੋਰ ਮਾਮਲਿਆਂ 'ਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ।

## ਜੋਸ ਰਾਉਲ ਮੁਲਿਨੋ ਨੇ ਪਨਾਮਾ ਲਈ ਨਵੇਂ ਰਾਸ਼ਟਰਪਤੀ ਵਜੋਂ ਚੁੱਕੀ ਸਹੁੰ



ਜੋਸ ਰਾਉਲ ਮੁਲਿਨੋ ਨੇ ਸੋਮਵਾਰ ਨੂੰ ਪਨਾਮਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਮੁਲਿਨੋ ਤੇ ਪਨਾਮਾ ਨੂੰ ਕੋਲੰਬੀਆ ਨਾਲ ਜੋੜਨ ਵਾਲੇ 'ਡੇਰਿਅਨ ਗੈਪ' ਦੇ ਮਾਧਿਅਮ ਨਾਲ ਬੇਨਿਯਮੀ ਪ੍ਰਵਾਸੀਆਂ ਦੀ ਆਮਦ ਨੂੰ ਰੋਕਣ ਦਾ ਦਬਾਅ ਹੈ। ਸਾਬਕਾ ਸੁਰੱਖਿਆ ਮੰਤਰੀ ਮੁਲਿਨੋ (65) ਨੇ ਇਸ ਹੱਦ ਰਾਹੀਂ ਪ੍ਰਵਾਸੀਆਂ ਦੇ ਦੇਸ਼ ਦੇ ਆਉਣ ਦੇ ਮਾਮਲਿਆਂ ਨੂੰ ਰੋਕਣ ਦਾ ਵਾਅਦਾ ਕੀਤਾ ਹੈ। ਇਹ ਹੱਦ ਜੰਗਲ ਨਾਲ ਘਿਰੀ ਹੈ ਅਤੇ ਇੱਥੇ ਕਾਨੂੰਨ ਦਾ ਸ਼ਾਸਨ ਕਾਫ਼ੀ ਹੱਦ ਤੱਕ ਨਹੀਂ ਹੈ।
ਪਿਛਲੇ ਸਾਲ 5 ਲੱਖ ਤੋਂ ਵੱਧ ਪ੍ਰਵਾਸੀ ਇਸ ਮਾਰਗ ਤੋਂ ਪਨਾਮਾ ਆਏ ਸਨ ਅਤੇ 2024 'ਚ ਹੁਣ ਤੱਕ 1,90,000 ਤੋਂ ਵੱਧ ਲੋਕ ਇਸ ਗਲਿਆਰੇ ਨੂੰ ਪਾਰ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪ੍ਰਵਾਸੀ ਵੈਨੇਜ਼ੁਏਲਾ, ਇਕਵਾਡੋਰ, ਕੋਲੰਬੀਆ ਅਤੇ ਚੀਨ ਤੋਂ ਹਨ। ਮੁਲਿਨੋ ਨੇ ਸੋਮਵਾਰ ਨੂੰ ਸਹੁੰ ਚੁੱਕਣ ਤੋਂ ਬਾਅਦ ਕਿਹਾ,''ਮੈਂ ਪਨਾਮਾ ਨੂੰ ਉਨ੍ਹਾਂ ਹਜ਼ਾਰਾਂ ਲੋਕਾਂ ਲਈ ਖੁੱਲ੍ਹਾ ਰਸਤਾ ਨਹੀਂ ਬਣਨ ਦੇਵਾਂਗਾ ਜੋ ਸਾਡੇ ਦੇਸ਼ 'ਚ ਗੈਰ-ਕਾਨੂੰਨੀ ਰੂਪ ਨਾਲ ਪ੍ਰਵੇਸ਼ ਕਰਦੇ ਹਨ ਅਤੇ ਜਿਨ੍ਹਾਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੁੱਖੀ ਤਸਕਰੀ ਨਾਲ ਸੰਬੰਧਤ ਇਕ ਅੰਤਰਰਾਸ਼ਟਰੀ ਸੰਗਠਨ ਦਾ ਸਮਰਥਨ ਪ੍ਰਾਪਤ ਹੈ।''

## ਤੂਫਾਨ 'ਬੇਰੀਲ' ਨੇ ਦੱਖਣ-ਪੂਰਬੀ ਕੈਰੇਬੀਅਨ ਟਾਪੂ 'ਚ ਮਚਾਈ ਤਬਾਹੀ,




ਤੂਫਾਨ 'ਬੇਰੀਲ' ਨੇ ਦੱਖਣ-ਪੂਰਬੀ ਕੈਰੇਬੀਅਨ ਟਾਪੂਆਂ ਵਿੱਚ ਭਾਰੀ ਤਬਾਹੀ ਮਚਾਈ ਹੈ ਅਤੇ ਪੰਜਵੀਂ ਸ਼੍ਰੇਣੀ ਦੇ ਰੂਪ ਵਿੱਚ ਮਜ਼ਬੂਤ ਹੋ ਗਿਆ ਹੈ। ਸੋਮਵਾਰ ਨੂੰ ਗ੍ਰੇਨਾਡਾ ਦੇ ਕੈਰੀਕਾਉ ਟਾਪੂ 'ਤੇ ਲੈਂਡਫਾਲ ਕਰਨ ਤੋਂ ਬਾਅਦ 'ਬੇਰੀਲ' ਦੱਖਣ-ਪੂਰਬੀ ਕੈਰੇਬੀਅਨ ਖੇਤਰ 'ਚ ਪਹੁੰਚ ਗਿਆ, ਜਿਸ ਨਾਲ ਇੱਥੇ ਘਰਾਂ ਦੇ ਦਰਵਾਜ਼ਿਆਂ, ਖਿੜਕੀਆਂ ਅਤੇ ਛੱਤਾਂ ਨੂੰ ਨੁਕਸਾਨ ਪਹੁੰਚਿਆ। ਇਸ ਨੇ ਕੈਰੀਕਾਉ ਟਾਪੂ 'ਤੇ ਸ਼੍ਰੇਣੀ ਚਾਰ ਤੂਫਾਨ ਦੇ ਰੂਪ ਵਿੱਚ ਲੈਂਡਫਾਲ ਕੀਤਾ ਜੋ ਲਗਾਤਾਰ ਮਜ਼ਬੂਤ ਹੁੰਦਾ ਰਿਹਾ। ਸੋਮਵਾਰ ਦੇਰ ਰਾਤ, ਬੇਰੀਲ ਦੀ ਹਵਾ ਦੀ ਗਤੀ 160 ਮੀਲ ਪ੍ਰਤੀ ਘੰਟਾ (260 ਕਿਲੋਮੀਟਰ ਪ੍ਰਤੀ ਘੰਟਾ) ਤੱਕ ਵਧ ਗਈ। ਆਉਣ ਵਾਲੇ ਦਿਨਾਂ ਵਿੱਚ ਇਸ ਦੀ ਰਫ਼ਤਾਰ ਵਿੱਚ ਹੋਰ ਬਦਲਾਅ ਹੋਣ ਦੀ ਸੰਭਾਵਨਾ ਹੈ। ਗ੍ਰੇਨਾਡਾ ਦੇ ਪ੍ਰਧਾਨ ਮੰਤਰੀ ਡੇਕਨ ਮਿਸ਼ੇਲ ਨੇ ਸੋਮਵਾਰ ਦੇਰ ਰਾਤ ਕਿਹਾ ਕਿ ਤੂਫਾਨ ਦੇ ਨਤੀਜੇ ਵਜੋਂ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਅਧਿਕਾਰੀ ਕੈਰੀਕਾਉ ਅਤੇ ਪੇਟੀਟ ਮਾਰਟੀਨਿਕ ਦੇ ਟਾਪੂਆਂ 'ਤੇ ਸਥਿਤੀ ਦਾ ਤੁਰੰਤ ਮੁਲਾਂਕਣ ਕਰਨ ਦੇ ਯੋਗ ਨਹੀਂ ਸਨ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ ਅਤੇ ਸੰਚਾਰ ਪ੍ਰਣਾਲੀ ਵੀ ਠੱਪ ਹੈ।

## ਨਿਊਯਾਰਕ 'ਚ ਵਾਪਰਿਆ ਵੱਡਾ ਜਹਾਜ਼ ਹਾਦਸਾ, ਇਕ ਹੀ ਪਰਿਵਾਰ ਦੇ 5 ਜੀਆਂ ਦੀ ਹੋਈ ਮੌਤ



ਅਮਰੀਕਾ ਦੇ ਨਿਊਯਾਰਕ ਵਿਚ ਐਤਵਾਰ ਦੁਪਹਿਰ ਨੂੰ ਇਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ। ਯੂਐਸ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫਏਏ) ਨੇ ਇੱਕ ਬਿਆਨ ਵਿੱਚ ਕਿਹਾ ਕਿ ਸਿੰਗਲ ਇੰਜਣ ਵਾਲਾ ਪਾਈਪਰ ਪੀਏ-46 ਜਹਾਜ਼ ਨਿਊਯਾਰਕ ਸਿਟੀ ਤੋਂ ਲਗਭਗ 240 ਕਿਲੋਮੀਟਰ ਉੱਤਰ-ਪੱਛਮ ਵਿੱਚ ਸਿਡਨੀ ਨੇੜੇ ਹਾਦਸਾਗ੍ਰਸਤ ਹੋ ਗਿਆ। ਜਾਣਕਾਰੀ ਅਨੁਸਾਰ ਹਾਦਸੇ ਵਿਚ ਮਾਰੇ ਗਏ ਸਾਰੇ ਪੰਜ ਮੈਂਬਰ ਇਕ ਹੀ ਪਰਿਵਾਰ ਦੇ ਸਨ, ਜੋ ਕਿ ਇੱਕ ਬੇਸਬਾਲ ਟੂਰਨਾਮੈਂਟ ਲਈ ਕੂਪਰਸਟਾਊਨ, ਨਿਊਯਾਰਕ ਦਾ ਦੌਰਾ ਕਰ ਰਹੇ ਸਨ।
ਬੀਐਨਓ ਨਿਊਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਜੰਗਲੀ ਖੇਤਰ ਵਿੱਚ ਇੱਕ ਵੱਡੇ ਮਲਬੇ ਵਾਲੇ ਖੇਤਰ ਦੀ ਖੋਜ ਕਰਨ ਦੇ ਘੰਟਿਆਂ ਬਾਅਦ ਪਹਿਲੇ ਜਵਾਬ ਦੇਣ ਵਾਲਿਆਂ ਨੂੰ ਕੋਈ ਬਚਿਆ ਨਹੀਂ ਮਿਲਿਆ। ਐਫਏਏ ਨੇ ਕਿਹਾ ਕਿ ਅਟਲਾਂਟਾ, ਜਾਰਜੀਆ ਵਿੱਚ ਰਜਿਸਟਰਡ ਜਹਾਜ਼ ਨੇ ਦੁਪਹਿਰ 1:40 ਵਜੇ ਨਿਊਯਾਰਕ ਦੇ ਅਲਬਰਟ ਐਸ. ਨਦਰ ਖੇਤਰੀ ਹਵਾਈ ਅੱਡੇ ਤੋਂ ਉਡਾਣ ਭਰੀ ਅਤੇ ਚਾਰਲਸਟਨ, ਵੈਸਟ ਵਰਜੀਨੀਆ ਲਈ ਰਵਾਨਾ ਕੀਤਾ। ਜਹਾਜ਼ ਵਿੱਚ ਮਾਰੇ ਗਏ ਪੰਜ ਲੋਕਾਂ ਦੀ ਪਛਾਣ ਰੋਜਰ ਬੇਗਜ਼ (76), ਉਸਦੀ ਧੀ ਲੌਰਾ ਵੈਨ ਐਪਸ (43), ਉਸਦੇ ਪਤੀ ਰਿਆਨ ਵੈਨ ਐਪਸ (42) ਅਤੇ ਉਨ੍ਹਾਂ ਦੇ ਦੋ ਬੱਚੇ ਜੇਮਸ ਵੈਨ ਐਪਸ (12) ਅਤੇ ਹੈਰੀਸਨ ਵੈਨ ਐਪਸ (10) ਵਜੋਂ ਹੋਈ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਐਫਏਏ ਅਤੇ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਦੋਵੇਂ ਇਸ ਘਟਨਾ ਦੀ ਜਾਂਚ ਕਰਨਗੇ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਜਾਂਚ ਦੀ ਅਗਵਾਈ ਕਰੇਗਾ ਅਤੇ ਹੋਰ ਵੇਰਵੇ ਪ੍ਰਦਾਨ ਕਰੇਗਾ।

## ਹੁਸ਼ਿਆਰਪੁਰ ਦੇ ਰੁਪਿੰਦਰ ਸਿੰਘ ਨੇ ਵਧਾਇਆ ਪੰਜਾਬੀਆਂ ਦਾ ਮਾਣ



ਵੈਸੇ ਤਾਂ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ। ਆਏ ਦਿਨ ਵਿਦੇਸ਼ਾਂ ਵਿੱਚ ਪੰਜਾਬੀਆਂ ਦੀਆਂ ਪ੍ਰਾਪਤੀਆਂ ਦੇ ਚਰਚੇ ਸੁਣਨ ਨੂੰ ਮਿਲਦੇ ਹਨ। ਇਟਲੀ ਵਿੱਚ ਭਾਸ਼ਾ ਨਾ ਆਉਣ ਜਾਂ ਘੱਟ ਆਉਣ ਦੇ ਚਲਦਿਆਂ ਇਹ ਕਿਹਾ ਜਾਂਦਾ ਸੀ ਕਿ ਇਟਲੀ ਵਿੱਚ ਆਏ ਭਾਰਤੀ ਕਾਮੇ ਸਿਰਫ ਖੇਤੀਬਾੜੀ ਅਤੇ ਡੇਅਰੀ ਫਾਰਮ ਨਾਲ ਸੰਬੰਧਿਤ ਕੰਮਾਂ ਲਈ ਹੀ ਸੀਮਿਤ ਹਨ।ਇਟਲੀ ਵਿੱਚ ਜੰਮੀ ਪਲੀ ਪੰਜਾਬੀ ਪੀੜ੍ਹੀ ਨੇ ਚੰਗੀ ਵਿੱਦਿਆਂ ਇਟਾਲੀਅਨ ਭਾਸ਼ਾ ਵਿੱਚ ਹਾਸਿਲ ਕੀਤੀ। ਹੁਣ ਇਟਲੀ ਵਿੱਚ ਪੰਜਾਬੀਆਂ ਦੁਆਰਾ ਆਏ ਦਿਨ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਦੀਆ ਖ਼ਬਰਾਂ ਮਿਲਦੀਆ ਹਨ। ਇਸੇ ਲੜੀ ਤਹਿਤ ਇਟਲੀ ਵਿੱਚ ਹੁਣ 24 ਸਾਲਾ ਪੰਜਾਬੀ ਨੌਜਵਾਨ ਰੁਪਿੰਦਰ ਸਿੰਘ ਨੇ ਟ੍ਰੇਨ ਚਾਲਕ ਬਣ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਨੌਜਵਾਨ ਦੇ ਪਿਤਾ ਜਗਜੀਤ ਸਿੰਘ ਅਤੇ ਮਾਤਾ ਜਸਵਿੰਦਰ ਕੌਰ ਨੇ ਖੁਸ਼ੀ ਪ੍ਰਗਟ ਕਰਦਿਆ ਦੱਸਿਆ ਕਿ ਉਨ੍ਹਾਂ ਦਾ ਬੇਟਾ ਪੜ੍ਹਾਈ ਵਿੱਚ ਚੰਗੇ ਨੰਬਰਾਂ ਨਾਲ ਪਾਸ ਹੁੰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਰੁਪਿੰਦਰ ਸਿੰਘ ਇਟਲੀ ਦਾ ਜੰਮਪਲ ਹੈ ਅਤੇ ਉਹ ਪੰਜਾਬ ਦੇ ਪਿੰਡ ਗੜ੍ਹਦੀਵਾਲਾ, ਹੁਸ਼ਿਆਰਪੁਰ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦਾ ਪਰਿਵਾਰ ਪਿਛਲੇ ਕਈ ਸਾਲਾਂ ਤੋਂ ਪਵੀਲੀਓ (ਰਿਜੋ ਇਮੀਲ਼ੀਆ) ਵਿਖੇ ਰਹਿੰਦਾ ਹੈ। ਰੁਪਿੰਦਰ ਨੇ ਇਟਲੀ ਦੇ ਜ਼ਿਲ੍ਹਾ ਮਾਨਤੋਵਾ ਦੇ ਸ਼ਹਿਰ ਵਿਆਦਨਾ ਵਿਖੇ ਡਿਪਲੋਮਾ ਪੂਰਾ ਕੀਤਾ। ਉਪਰੰਤ ਇਮੀਲੀਆ ਰੋਮਾਨਾ ਸੂਬੇ ਬੋਲੋਨੀਆ ਵਿਖੇ ਟ੍ਰੇਨ ਚਲਾਉਣ ਦੀ ਟ੍ਰੇਨਿੰਗ ਪ੍ਰਾਪਤ ਕੀਤੀ। ਹੁਣ ਉਸਨੇ ਟ੍ਰੇਨ ਇਟਾਲੀਆਂ ਵਿੱਚ ਆਪਣੀ ਨੌਕਰੀ ਸ਼ੁਰੂ ਕੀਤੀ ਹੈ। ਜੋ ਕਿ ਬੋਲੋਨੀਆ ਤੋਂ ਵੱਖ-ਵੱਖ ਸ਼ਹਿਰਾਂ ਲਈ ਟ੍ਰੇਨ ਚਲਾਉਂਦਾ ਹੈ। ਮਾਪਿਆਂ ਨੇ ਮਾਣ ਨਾਲ ਕਿਹਾ ਕਿ ਉਨ੍ਹਾਂ ਦੇ ਬੇਟੇ ਨੇ ਵਿਦੇਸ਼ ਵਿੱਚ ਟ੍ਰੇਨ ਚਾਲਕ ਦੀ ਨੌਕਰੀ ਪ੍ਰਾਪਤ ਕਰਕੇ ਮਾਣ ਵਧਾਇਆ ਹੈ।

## ਇਟਲੀ 'ਚ ਤੀਜ ਮੇਲੇ 'ਤੇ ਪੰਜਾਬਣ ਮੁਟਿਆਰਾਂ ਨੇ ਨੱਚ-ਨੱਚ ਕੀਤੀ ਕਮਾਲ



ਪੰਜਾਬੀ ਸੱਭਿਆਚਾਰ ਵਿੱਚ ਤੀਆਂ ਦਾ ਤਿਉਹਾਰ ਬੜੇ ਹੀ ਚਾਵਾਂ ਅਤੇ ਰੀਝਾਂ ਨਾਲ ਪੰਜਾਬਣ ਮੁਟਿਆਰਾਂ ਵਲੋਂ ਮਨਾਇਆ ਜਾਂਦਾ ਹੈ, ਜਿਸ ਵਿੱਚ ਮੁਟਿਆਰਾਂ ਗਿੱਧਾ, ਭੰਗੜਾ, ਬੋਲੀਆਂ ਅਤੇ ਪੀਂਘਾਂ ਝੂਟ ਕੇ ਤੀਆਂ ਮਨਾਉਂਦੀਆਂ ਹਨ। ਜਿੱਥੇ ਪੰਜਾਬ ਵਿੱਚ ਤੀਆਂ ਦੇ ਤਿਉਹਾਰ ਦੀਆਂ ਖੂਬ ਰੌਣਕਾਂ ਲੱਗਦੀਆਂ ਹਨ, ਉੱਥੇ ਵਿਦੇਸ਼ਾਂ ਵਿੱਚ ਵੀ ਇਹ ਤਿਉਹਾਰ ਪੰਜਾਬਣ ਮੁਟਿਆਰਾਂ ਵੱਲੋਂ ਬੜੀ ਧੂਮਧਾਮ ਅਤੇ ਰੀਝਾਂ ਨਾਲ ਮਨਾਇਆ ਜਾਂਦਾ ਹੈ। ਇਟਲੀ ਦੇ ਜ਼ਿਲ੍ਹਾ ਬਰੇਸ਼ੀਆ ਦੇ ਬੋਰਗੋ ਸੰਨ ਯਾਕਮੋ ਦੇ ਰੈਂਸਟੋਰੈਂਟ ਵਿਖੇ ਇਲਾਕੇ ਦੀਆਂ ਪੰਜਾਬਣ ਮੁਟਿਆਰਾਂ ਵਲੋਂ ਇੱਕਠੀਆਂ ਹੋ ਕੇ, ਵਿਦੇਸ਼ 'ਚ ਪੰਜਾਬ ਦੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਤੀਜ ਮੇਲਾ ਕਰਵਾਇਆ ਗਿਆ। ਮੁਟਿਆਰਾਂ ਵਲੋਂ ਪਹਿਨੇ ਰੰਗ-ਬਰੰਗੇ ਪੰਜਾਬੀ ਸੂਟ ਇਸ ਤਿਉਹਾਰ ਦੀ ਸ਼ਾਨ ਨੂੰ ਚਾਰ ਚੰਨ ਲਗਾ ਕੇ ਰੌਣਕ ਨੂੰ ਵਧਾ ਰਹੇ ਸਨ। ਮੁਟਿਆਰਾਂ ਦੁਆਰਾ ਬੋਲੀਆਂ ਪਾਕੇ ਤੀਜ ਮੇਲੇ ਵਿੱਚ ਵੱਖਰਾ ਹੀ ਰੰਗ ਭਰ ਦਿੱਤਾ। ਬਾਅਦ ਵਿੱਚ ਵੱਖ-ਵੱਖ ਗੀਤਾਂ 'ਤੇ ਖੂਬ ਡਾਂਸ ਕੀਤਾ। ਇਸ ਮੌਕੇ ਭੰਗੜਾ, ਗਿੱਧਾ, ਬੋਲੀਆਂ ਅਤੇ ਕਵਿਤਾਵਾਂ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 8 ਤੋਂ 11 ਸਾਲ ਦੀਆਂ ਬੱਚੀਆ, 17 ਤੋਂ 21 ਸਾਲ ਅਤੇ 22 ਸਾਲ ਤੋਂ ਉੱਪਰ ਦੀਆ ਮੁਟਿਆਰਾਂ ਨੇ ਤਿੰਨ ਅਲੱਗ-ਅਲੱਗ ਗਰੁੱਪਾਂ ਵਿੱਚ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆ ਵਿੱਚ ਜੇਤੂਆਂ ਨੂੰ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਨਾਲ ਨਿਵਾਜਿਆ ਗਿਆ। ਇਸ ਮੇਲੇ ਦੌਰਾਨ ਸਟੇਜ ਦੀ ਜਿੰਮੇਵਾਰੀ ਰਾਜ ਕੌਰ ਨੇ ਨਿਭਾਈ।


# ਗੁਜਰਾਤ ਦੇ ਮਸ਼ਹੂਰ ਮੰਦਰ

ਅਕਸ਼ਰਧਾਮ ਮੰਦਿਰ ਭਾਰਤ ਅਤੇ ਦੁਨੀਆ ਦੇ ਸਭ ਤੋਂ ਵੱਡੇ ਹਿੰਦੂ ਮੰਦਰਾਂ ਵਿੱਚੋਂ ਇੱਕ ਹੈ ਜੋ ਗੁਜਰਾਤ ਦੀ ਰਾਜਧਾਨੀ ਗਾਂਧੀਨਗਰ ਵਿਖੇ ਸਥਿਤ ਹੈ। ਭਗਵਾਨ ਸਵਾਮੀਨਾਰਾਇਣ ਮੰਦਰ ਦੇ ਅੰਦਰ ਪੂਜਿਆ ਜਾਂਦਾ ਮੁੱਖ ਦੇਵਤਾ ਹੈ। ਮੰਦਰ ਦੇ ਅੰਦਰ ਮੂਰਤੀ ਦਰਸ਼ਨ ਤੋਂ ਇਲਾਵਾ, ਕੁੱਲ 23 ਏਕੜ ਜ਼ਮੀਨ ਵਿੱਚ ਪ੍ਰਦਰਸ਼ਨੀਆਂ, ਖੋਜ, ਆਰਕੀਟੈਕਚਰਲ ਇਮਾਰਤਾਂ ਹਨ। ਇਹ ਸੁੰਦਰ ਮੰਦਰ ਅਹਿਮਦਾਬਾਦ ਤੋਂ ਸਿਰਫ਼ 28 ਕਿਲੋਮੀਟਰ ਦੂਰ ਜੇ ਰੋਡ, ਸੈਕਟਰ 20 ਅਤੇ ਗਾਂਧੀਨਗਰ ਵਿਖੇ ਸਥਿਤ ਹੈ।





ਭਾਰਤ ਦੇ ਚਾਰ ਧਾਮਾਂ ਵਿੱਚੋਂ ਇੱਕ, ਦਵਾਰਕਾ ਦਾ ਹਿੰਦੂ ਸ਼ਰਧਾਲੂਆਂ ਅਤੇ ਅਧਿਆਤਮਿਕ ਸਾਧਕਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਬਾਕੀ ਤਿੰਨ ਧਾਮ ਬਦਰੀਨਾਥ-ਕੇਦਾਰਨਾਥ, ਪੁਰੀ ਅਤੇ ਰਾਮੇਸ਼ਵਰਮ ਹਨ। ਦਵਾਰਕਾ ਹਿੰਦੂ ਦੇਵਤਾ ਅਤੇ ਭਗਵਾਨ ਵਿਸ਼ਨੂੰ ਦੇ ਅਵਤਾਰ ਦੁਆਰਾ ਸ਼ਾਸਿਤ ਸ਼ਹਿਰ ਸੀ...ਸ਼੍ਰੀ ਕ੍ਰਿਸ਼ਨ ਅਤੇ ਇਸ ਦਾ ਘਰ ਕੁਝ ਸਭ ਤੋਂ ਸ਼ਾਨਦਾਰ ਹਿੰਦੂ ਮੰਦਰਾਂ ਦਾ ਘਰ ਸੀ ਜੋ ਸਾਰੇ ਭਗਵਾਨ ਕ੍ਰਿਸ਼ਨ...ਦਵਾਰਕਾਧੀਸ਼ ਨੂੰ ਸਮਰਪਿਤ ਸਨ। ਦਵਾਰਕਾ ਦਾ ਧਾਰਮਿਕ ਕੇਂਦਰ ਅਹਿਮਦਾਬਾਦ ਤੋਂ 441 ਕਿਲੋਮੀਟਰ ਦੂਰ ਹੈ। ਇੱਥੇ ਦੇਖਣ ਲਈ ਕੁਝ ਮਹਾਨ ਮੰਦਰ ਹਨ ਸ਼੍ਰੀ ਦਵਾਰਕਾਧੀਸ਼ ਮੰਦਿਰ, ਨਾਗੇਸ਼ਵਰ ਜਯੋਤਿਰਲਿੰਗ, ਰੁਕਸ਼ਮਣੀ ਮੰਦਿਰ ਆਦਿ।



ਭਾਰਤ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਅਤੇ 12 ਜਯੋਤਿਰਲਿੰਗਾਂ ਵਿੱਚੋਂ ਇੱਕ ਸਭ ਤੋਂ ਮਹੱਤਵਪੂਰਨ, ਸੋਮਨਾਥ ਮੰਦਿਰ ਗੁਜਰਾਤ ਦੇ ਪੱਛਮੀ ਤੱਟ ਉੱਤੇ ਸੌਰਾਸ਼ਟਰ ਵਿੱਚ ਪ੍ਰਾਚੀਨ ਸ਼ਹਿਰ ਵੇਰਾਵਤ ਦੇ ਨੇੜੇ ਹੈ। ਮੰਦਿਰ ਸ਼ਾਨਦਾਰ ਚੂਕਾ ਆਰਕੀਟੈਕਚਰਲ ਸ਼ੈਲੀ ਨੂੰ ਦਰਸਾਉਂਦਾ ਹੈ। ਵੇਰਾਵਲ ਸ਼ਹਿਰ ਅਹਿਮਦਾਬਾਦ ਤੋਂ ਲਗਭਗ 412 ਕਿਲੋਮੀਟਰ ਦੂਰ ਹੈ ਅਤੇ ਜ਼ਿਆਦਾਤਰ ਸੈਲਾਨੀ ਰਾਜਕੋਟ ਤੋਂ ਸੋਮਨਾਥ ਮੰਦਰ ਜਾਂਦੇ ਹਨ। ਤ੍ਰਿਵੇਣੀ ਸੰਗਮ ਮੰਦਰ ਅਤੇ ਪੰਚਾ ਪਾਂਡਵ ਗੁਫਾ ਨੂੰ ਦੇਖੋ ਜਦੋਂ ਤੁਸੀਂ ਉੱਥੇ ਸੋਮਨਾਥ ਦੇ ਨਾਲ ਪਰਸ਼ੁਰਾਮ ਮੰਦਰ ਅਤੇ ਸੂਰਜ ਮੰਦਰ ਦੇ ਨਾਲ ਹੁੰਦੇ ਹੋ।



ਰਾਜਕੋਟ ਦਾ ਸੁੰਦਰ ਸ਼ਹਿਰ ਗੁਜਰਾਤ ਦੇ ਮਸ਼ਹੂਰ ਜਲਰਾਮ ਬਾਪਾ ਮੰਦਰ ਦਾ ਘਰ ਹੈ। ਜਲਾਰਾਮ ਬਾਪਾ ਪ੍ਰਸਿੱਧ ਹਿੰਦੂ ਸੰਤਾਂ ਵਿੱਚੋਂ ਇੱਕ ਸਨ, ਜਿਨ੍ਹਾਂ ਦਾ ਜਨਮ 14 ਨਵੰਬਰ 1799 ਵਿੱਚ ਹੋਇਆ ਸੀ ਅਤੇ ਉਨ੍ਹਾਂ ਦਾ ਵਿਸ਼ਵ ਭਰ ਵਿੱਚ ਇੱਕ ਵਿਸ਼ਾਲ ਧਾਰਮਿਕ ਅਨੁਯਾਈ ਹੈ। ਜੈ ਜਲਰਾਮ ਮੰਦਰ, ਜਲਾਰਾਮ ਪ੍ਰਾਰਥਨਾ ਮੰਦਰ, ਅਤੇ ਸ਼੍ਰੀ ਜਲਰਾਮ ਸੇਵਾ ਮੰਦਰ ਕੁਝ ਅਜਿਹੇ ਮੰਦਰ ਹਨ ਜੋ ਤੁਹਾਨੂੰ ਰਾਜਕੋਟ ਵਿੱਚ ਹੁੰਦੇ ਹੋਏ ਦੇਖਣੇ ਚਾਹੀਦੇ ਹਨ। ਚੋਟੀਲਾ ਵਿੱਚ ਚਾਮੁੰਡਾ ਮਾਤਾ ਜੀ ਮੰਦਿਰ ਵੀ ਦੇਖਣ ਲਈ ਇੱਕ ਚੰਗੀ ਜਗ੍ਹਾ ਹੈ। ਇਹ ਮੰਦਿਰ ਸਿਰਫ਼ ਧਾਰਮਿਕ ਹੀ ਨਹੀਂ ਹਨ...ਇੱਥੇ ਇੱਕ ਵਿਲੱਖਣ ਅਧਿਆਤਮਿਕ ਅਹਿਸਾਸ ਹੈ ਜੋ ਤੁਹਾਨੂੰ ਸ਼ਾਂਤੀ ਅਤੇ ਅੰਦਰੂਨੀ ਆਨੰਦ ਪ੍ਰਦਾਨ ਕਰੇਗਾ।



ਅੰਬਾਜੀ ਗੁਜਰਾਤ ਵਿੱਚ ਇੱਕ ਪ੍ਰਮੁੱਖ ਪਵਿੱਤਰ ਸਥਾਨ ਹੈ ਅਤੇ ਮੰਦਰ ਦੇਵੀ ਅੰਬਾ ਅਤੇ ਭਗਵਾਨ ਕ੍ਰਿਸ਼ਨ ਨਾਲ ਜੁੜਿਆ ਹੋਇਆ ਹੈ। ਅੰਬਾਜੀ ਮੰਦਰ ਸਭ ਤੋਂ ਪ੍ਰਸਿੱਧ ਹਿੰਦੂ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਇਹ ਸੁੰਦਰ ਮੰਦਰ ਅਹਿਮਦਾਬਾਦ ਤੋਂ ਲਗਭਗ 179 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।





ਸਾਰੰਗਪੁਰ ਵਿੱਚ ਸ਼੍ਰੀ ਹਨੂੰਮਾਨ ਜੀ ਮੰਦਿਰ ਆਪਣੀ ਸੁੰਦਰਤਾ ਅਤੇ ਅਧਿਆਤਮਿਕ ਮਹੱਤਤਾ ਲਈ ਵਿਸ਼ਵ ਪ੍ਰਸਿੱਧ ਹੈ। ਸਵਾਮੀਨਾਰਾਇਣ ਸੰਪ੍ਰਦਾਇ ਦੀ ਵਡਤਾਲ ਗਾਡੀ ਇਸ ਮੰਦਰ ਦੀ ਦੇਖ-ਰੇਖ ਅਤੇ ਰੱਖ-ਰਖਾਅ ਨੂੰ ਕੰਟਰੋਲ ਕਰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਇਸ ਮੰਦਰ ਦੇ ਦਰਸ਼ਨਾਂ ਨਾਲ ਸ਼ਰਧਾਲੂਆਂ ਦੇ ਸਰੀਰ ਅਤੇ ਦਿਮਾਗ ਨੂੰ ਦੁਸ਼ਟ ਆਤਮਾਵਾਂ ਤੋਂ ਸ਼ੁੱਧ ਕੀਤਾ ਜਾਵੇਗਾ। ਹਿੰਦੂ ਧਰਮ ਵਿੱਚ ਹਨੂੰਮਾਨ ਜੀ ਨੂੰ ਸੰਕਟ ਮੋਚਨ ਜਾਂ ਸਾਰੀਆਂ ਸਮੱਸਿਆਵਾਂ ਦਾ ਨਾਸ਼ ਕਰਨ ਵਾਲੇ ਵਜੋਂ ਜਾਣਿਆ ਜਾਂਦਾ ਹੈ।




ਬਹੁਚਰ ਮਾਤਾ ਮੰਦਰ ਬਹੁਚਰਾ ਮਾਤਾ ਨੂੰ ਸਮਰਪਿਤ ਹੈ...ਇੱਕ ਦੇਵੀ ਜੋ ਤਲਵਾਰ, ਗ੍ਰੰਥਾਂ ਦਾ ਪਾਠ ਚੁੱਕਦੀ ਹੈ ਅਤੇ ਕੁੱਕੜ 'ਤੇ ਬੈਠੀ ਹੈ। ਦੇਵੀ ਕੁੰਡਲਨੀ ਦੇ ਉਭਾਰ ਦਾ ਪ੍ਰਤੀਕ ਹੈ ਜੋ ਆਖਰਕਾਰ ਮੋਕਸ਼ ਵੱਲ ਲੈ ਜਾਂਦੀ ਹੈ। ਇਹ ਮੰਦਰ ਮੇਹਸਾਣਾ ਵਿੱਚ ਹੈ ਜੋ ਅਹਿਮਦਾਬਾਦ ਤੋਂ 110 ਕਿਲੋਮੀਟਰ ਦੂਰ ਹੈ ਅਤੇ ਇਹ ਸੁੰਦਰ ਪੱਥਰ ਦੀ ਨੱਕਾਸ਼ੀ ਵਾਲਾ ਇੱਕ ਸ਼ਾਨਦਾਰ ਮੰਦਰ ਹੈ।



ਜਾਮਨਗਰ ਦੇ ਬਾਲਾ ਹਨੂੰਮਾਨ ਮੰਦਿਰ ਨੂੰ ਇੱਕ ਵਿਲੱਖਣ ਵਿਸ਼ੇਸ਼ਤਾ ਪ੍ਰਾਪਤ ਹੈ। ਸ਼੍ਰੀ ਰਾਮ ਜੈ ਰਾਮ ਜੈ ਜੈ ਰਾਮ ਦਾ ਜਾਪ 1 ਅਗਸਤ 1964 ਤੋਂ ਮੰਦਰ ਦੇ ਹਾਲ ਵਿੱਚ ਬਿਨਾਂ ਕਿਸੇ ਵਿਰਾਮ ਦੇ ਗੂੰਜ ਰਿਹਾ ਹੈ। ਇਸ ਨੇ ਮੰਦਿਰ ਲਈ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਥਾਂ ਹਾਸਲ ਕੀਤੀ ਹੈ। 1963-64 ਵਿੱਚ ਸ਼੍ਰੀ ਪ੍ਰੇਮਭਿਖਸ਼ੂਜੀ ਮਹਾਰਾਜ ਦੁਆਰਾ ਮੰਦਰ ਦੀ ਸਥਾਪਨਾ ਕੀਤੀ ਗਈ ਸੀ, ਜਿਸ ਸਮੇਂ ਜਾਪ ਸ਼ੁਰੂ ਹੋਇਆ ਸੀ ਅਤੇ ਇਹ ਇੱਕ ਪਲ ਲਈ ਵੀ ਨਹੀਂ ਰੁਕਿਆ। ਇਸਨੇ ਮਹਾਰਾਜੇ ਨੂੰ ਬਿਹਾਰ, ਜੂਨਾਗੜ੍ਹ, ਮਹੂਵਾ ਅਤੇ ਪੋਰਬੰਦਰ ਵਿੱਚ ਮੁਜ਼ੱਫਰਪੁਰ ਵਿੱਚ ਗੈਰ-ਜਪ ਦੇ ਨਾਲ ਸਮਾਨ ਮੰਦਰਾਂ ਦੀ ਸਥਾਪਨਾ ਕਰਨ ਲਈ ਪ੍ਰੇਰਿਤ ਕੀਤਾ। ਇਹ ਮੰਦਰ ਰਣਮਲ ਝੀਲ ਦੇ ਨੇੜੇ ਹੈ ਜਿਸ ਨੂੰ ਸ਼ਾਹੀ ਮਹਿਲ ਦੇ ਨੇੜੇ ਲਖੋਟਾ ਝੀਲ ਵੀ ਕਿਹਾ ਜਾਂਦਾ ਹੈ।

ਜੇ ਕੇਦਾਰਨਾਥ ਇੱਕ ਬਹੁਤ ਹੀ ਸਤਿਕਾਰਯੋਗ ਜੋਤਿਰਲਿੰਗਮ ਹੈ, ਤਾਂ ਨਾਗੇਸ਼ਵਰ ਜਯੋਤਿਰਲਿੰਗ ਦਾ ਕੋਈ ਘੱਟ ਮਹੱਤਵ ਨਹੀਂ ਹੈ। ਇਹ ਭਾਰਤ ਵਿੱਚ 12 ਜਯੋਤਿਰਲਿੰਗਾਂ ਵਿੱਚੋਂ ਪਹਿਲਾ ਮੰਨਿਆ ਜਾਂਦਾ ਹੈ। ਨਾਗੇਸ਼ਵਰ ਗੁਜਰਾਤ ਵਿੱਚ ਸੌਰਾਸ਼ਟਰ ਵਿੱਚ ਦਵਾਰਕਾ ਦੇ ਨੇੜੇ ਸਥਿਤ ਹੈ। ਇਹ ਮੰਨਿਆ ਜਾਂਦਾ ਹੈ ਕਿ ਦੈਂਤ ਦਾਰੂਕਾ ਨੇ ਸ਼ਿਵ ਭਗਤਾਂ ਨੂੰ ਛਾਪਿਆ ਜੋ ਫਿਰ ਸ਼ਿਵ ਮੰਤਰ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੇ ਨਤੀਜੇ ਵਜੋਂ ਸ਼ਿਵ ਨੇ ਪ੍ਰਗਟ ਹੋ ਕੇ ਰਾਖਸ਼ ਨੂੰ ਮਾਰ ਦਿੱਤਾ। ਮੈਂ ਇੱਥੇ ਇੱਕ ਜਯੋਤਿਰਲਿੰਗ ਦੇ ਰੂਪ ਵਿੱਚ ਨਿਵਾਸ ਕਰਨ ਦਾ ਫੈਸਲਾ ਕੀਤਾ ਹੈ। ਇਸ ਸਥਾਨ ਦੀ ਤੀਰਥ ਯਾਤਰਾ ਕੇਦਾਰਨਾਥ ਦੀ ਤੀਰਥ ਯਾਤਰਾ ਵਾਂਗ ਹੀ ਵਡਮੁੱਲੀ ਹੈ ਪਰ ਖੁਰਦਰੇ ਪਹਾੜੀ ਖੇਤਰ ਵਿੱਚ ਨੈਵੀਗੇਟ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਹੈ।






ਦਿੱਲੀ ਦਰਵਾਜਾ ਇਲਾਕਾ ਅਹਿਮਦਾਬਾਦ ਚੌਕ ਦਾ ਇੱਕ ਵਿਅਸਤ ਵਪਾਰਕ ਇਲਾਕਾ ਹੈ ਜਿੱਥੇ ਆਵਾਜਾਈ ਨਾਲ ਭਰਿਆ ਹੋਇਆ ਹੈ ਅਤੇ ਸ਼ਾਹੀਬਾਗ ਵੱਲ ਜਾਣ ਵਾਲੀ ਸੜਕ ਵੀ ਹੰਗਾਮਾ ਕਰਨ ਵਾਲੇ ਵਾਹਨਾਂ ਨਾਲ ਘੱਟ ਨਹੀਂ ਹੈ। ਇਸ ਸੜਕ 'ਤੇ, ਤੁਹਾਨੂੰ ਇੱਕ ਵਿਹੜੇ ਵੱਲ ਜਾਣ ਵਾਲਾ ਇੱਕ ਛੋਟਾ ਗੇਟ ਮਿਲੇਗਾ ਜੋ ਹਥੀਸਿੰਘ ਜੈਨ ਮੰਦਰ ਦਾ ਘਰ ਹੈ। ਅਹਿਮਦਾਬਾਦ ਦੇ ਇੱਕ ਵਪਾਰੀ ਸ਼ੇਠ ਹਥੀਸਿੰਘ ਕੇਸਰੀਸਿੰਘ ਨੇ ਅਕਾਲ ਦੇ ਸਮੇਂ ਦੌਰਾਨ ਮਜ਼ਦੂਰਾਂ ਨੂੰ ਭੋਜਨ ਦੇਣ ਲਈ ਮੰਦਰ ਦੇ ਨਿਰਮਾਣ ਲਈ ਫੰਡ ਦਿੱਤਾ। ਬਦਕਿਸਮਤੀ ਨਾਲ, ਉਸਦਾ ਦੇਹਾਂਤ ਹੋ ਗਿਆ ਅਤੇ ਇਹ ਕੰਮ ਉਸਦੀ ਪਤਨੀ, ਸ਼ੇਠਾਨੀ ਹਰਕੁੰਵਰ ਨੇ ਜਾਰੀ ਰੱਖਿਆ। ਹੁਥੀਸਿੰਗ ਜੈਨ ਮੰਦਰ ਅਹਿਮਦਾਬਾਦ ਦੇ ਵਿਅਸਤ ਵਪਾਰਕ ਖੇਤਰ ਵਿੱਚ ਇੱਕ ਸ਼ਾਂਤ ਪਨਾਹਗਾਹ ਹੈ। ਮੁੱਖ ਮੂਰਤੀ 15ਵੇਂ ਤੀਰਥੰਕਰ ਭਗਵਾਨ ਧਰਮਨਾਥ ਦੀ ਹੈ। ਇਸ ਤੋਂ ਇਲਾਵਾ, ਮੁੱਖ ਮੰਦਰ ਦੀ ਇਮਾਰਤ ਵਿੱਚ 11 ਹੋਰ ਤੀਰਥੰਕਰ ਹਨ ਜੋ ਕਿ ਇੱਕ ਵਿਹੜੇ ਅਤੇ ਕਾਲੋਨੇਡ ਗੈਲਰੀ ਨਾਲ ਘਿਰਿਆ ਹੋਇਆ ਹੈ ਜਿਸ ਵਿੱਚ ਹੋਰ ਜੈਨ ਤੀਰਥੰਕਰਾਂ ਨੂੰ ਸਮਰਪਿਤ 52 ਛੋਟੇ ਤੀਰਥ ਸਥਾਨ ਹਨ। ਹਰ ਇੱਕ ਨੂੰ ਚਿੱਟੇ ਸੰਗਮਰਮਰ ਵਿੱਚ ਸ਼ਾਨਦਾਰ ਢੰਗ ਨਾਲ ਉੱਕਰੀ ਹੋਈ ਹੈ। ਮੰਦਰ ਦੇ ਵੱਡੇ ਵਿਹੜੇ ਵਿੱਚ ਇੱਕ ਬੁਰਜ ਜਾਂ ਕੀਰਤੀ ਸਟੰਭ ਹੈ।

ਪੋਰਬੰਦਰ ਤੋਂ 45 ਕਿਲੋਮੀਟਰ ਦੀ ਦੂਰੀ 'ਤੇ, ਬਰਦਾ ਦੀ ਤਲਹਟੀ ਵਿੱਚ, ਤੁਸੀਂ ਘੁਮਲੀ ਦੇ ਇੱਕ ਛੋਟੇ ਜਿਹੇ ਪਿੰਡ ਨੂੰ ਪਾਰ ਕਰੋਗੇ। ਕਿਸੇ ਸਮੇਂ ਇਹ 8ਵੀਂ ਤੋਂ 10ਵੀਂ ਸਦੀ ਤੱਕ ਇਸ ਖੇਤਰ 'ਤੇ ਰਾਜ ਕਰਨ ਵਾਲੇ ਸਿੰਧਵ ਰਾਜਵੰਸ਼ ਦੀ ਰਾਜਧਾਨੀ ਸੀ ਅਤੇ ਫਿਰ ਇਹ ਜੇਠਵਾ ਰਾਜਵੰਸ਼ ਦੀ ਰਾਜਧਾਨੀ ਬਣ ਗਈ। ਰਾਣਾ ਭਾਣਜੀ ਜੇਠਵਾ 1313 ਵਿੱਚ ਇੱਕ ਯੁੱਧ ਹਾਰ ਗਿਆ ਜਦੋਂ ਸਿੰਧ ਦੇ ਜਡੇਜਾ ਰਾਮ ਊਨਾਜੀ ਨੇ ਉਸਨੂੰ ਆਪਣੇ ਨਾਲ ਜੋੜ ਲਿਆ ਅਤੇ ਉਹ ਫਿਰ ਰਾਣਪੁਰ ਚਲਾ ਗਿਆ ਅਤੇ ਘੁਮਲੀ ਤਬਾਹ ਹੋ ਗਿਆ। ਹਾਲਾਂਕਿ, ਜੇਠਵਾਂ ਨੇ ਇੱਕ ਸੁੰਦਰ ਮੰਦਰ ਛੱਡ ਦਿੱਤਾ ਹੈ ਜੋ ਸੂਰਜ ਜਾਂ ਸੂਰਜ ਦੇਵਤਾ ਨੂੰ ਸਮਰਪਿਤ ਨਵਲੱਖਾ ਮੰਦਰ ਹੈ। ਮੰਦਿਰ ਦਾ ਮਾਪ 30.48 ਮੀਟਰ x 45.72 ਮੀਟਰ ਹੈ ਅਤੇ ਇਸ ਦੇ ਚਾਰੇ ਪਾਸੇ ਉੱਕਰੀਆਂ ਕੰਧਾਂ ਅਤੇ ਥੰਮ੍ਹਾਂ ਤੋਂ ਇਲਾਵਾ ਇੱਕ ਸੁੰਦਰ ਉੱਕਰੀ ਹੋਈ ਪ੍ਰਵੇਸ਼ ਦੁਆਰ ਹੈ। ਇਹ ਆਪਣੀ ਗੁੰਝਲਦਾਰ ਨੱਕਾਸ਼ੀ ਅਤੇ ਗੁੰਝਲਦਾਰ ਆਰਕੀਟੈਕਚਰ ਵਿੱਚ ਮੋਢੇਰਾ ਸੂਰਜ ਮੰਦਰ ਦਾ ਮੁਕਾਬਲਾ ਕਰਦਾ ਹੈ ਅਤੇ ਸੋਮਨਾਥ ਮੰਦਰ ਨੂੰ ਆਪਣੇ ਪੈਸੇ ਲਈ ਇੱਕ ਦੌੜ ਦਿੰਦਾ ਹੈ।





ਬਿਲੇਸ਼ਵਰ ਸੌਰਾਸ਼ਟਰ ਗੁਜਰਾਤ ਦੇ ਪੋਰਬੰਦਰ ਵਿੱਚ ਰਾਨਾਵਾਵ ਤਾਲੁਕਾ ਦਾ ਇੱਕ ਛੋਟਾ ਜਿਹਾ ਪਿੰਡ ਹੈ ਅਤੇ ਇਹ ਸ਼ਿਵ ਦੇ ਸ਼ਰਧਾਲੂਆਂ ਲਈ ਇੱਕ ਸਥਾਨ ਹੈ ਜੋ ਇੱਥੇ ਬਿਲੇਸ਼ਵਰ ਮੰਦਰ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਭਗਵਾਨ ਕ੍ਰਿਸ਼ਨ ਨੇ ਭਗਵਾਨ ਸ਼ਿਵ ਦਾ ਸਿਮਰਨ ਕੀਤਾ ਅਤੇ ਸੱਤ ਮਹੀਨਿਆਂ ਲਈ ਬਿਲੀ ਦੇ ਰੁੱਖ ਦੇ ਪੱਤੇ ਚੜ੍ਹਾਏ। ਭਗਵਾਨ ਸ਼ਿਵ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਸਤਿਆਭਾਮਾ ਨੂੰ ਖੁਸ਼ ਕਰਨ ਲਈ ਪਾਰਜਾਤ ਦੇ ਰੁੱਖ ਨੂੰ ਪ੍ਰਾਪਤ ਕਰਨ ਦੀ ਆਪਣੀ ਇੱਛਾ ਪੂਰੀ ਕੀਤੀ। ਕਿਹਾ ਜਾਂਦਾ ਹੈ ਕਿ ਭਗਵਾਨ ਕ੍ਰਿਸ਼ਨ ਨੇ ਭਗਵਾਨ ਸ਼ਿਵ ਦੀ ਸਥਾਪਨਾ ਕੀਤੀ ਅਤੇ ਉਸ ਨੂੰ ਬਿਲਵਦਕੇਸ਼ਵਰ ਕਿਹਾ। ਸਥਾਨਕ ਲੋਕ ਇੱਥੇ ਭਗਵਾਨ ਸ਼ਿਵ ਵਿੱਚ ਡੂੰਘੀ ਆਸਥਾ ਰੱਖਦੇ ਹਨ ਅਤੇ ਇੱਥੇ ਸ਼ਰਵਣ ਦੇ ਮਹੀਨੇ ਅਤੇ ਸ਼ਿਵਰਾਤਰੀ 'ਤੇ ਮੇਲੇ ਲੱਗਦੇ ਹਨ, ਜੋ ਬਿਲੇਸ਼ਵਰ ਜਾਣ ਦਾ ਸਹੀ ਸਮਾਂ ਹੈ। ਇੱਥੋਂ ਪੋਰਬੰਦਰ ਵਿੱਚ ਖੰਭਲੀਆ ਰੋਡ 'ਤੇ ਬਗਵਾਦਰ ਤੱਕ ਦੀ ਯਾਤਰਾ ਕਰੋ ਅਤੇ ਤੁਸੀਂ ਬਗਵਾਦਰ ਸੂਰਜ ਮੰਦਰ ਨੂੰ ਦੇਖੋਗੇ, ਜੋ ਕਿ ਵਿਲੱਖਣ ਹੈ ਕਿ ਇਸ ਵਿੱਚ ਮੁੱਖ ਦੇ ਆਲੇ ਦੁਆਲੇ ਨੌਂ ਗ੍ਰਹਿ ਮੰਦਰ ਹਨ ਜੋ ਸੂਰਜ ਦੇਵ ਨੂੰ ਸਮਰਪਿਤ ਹਨ।